## ਅਧਿਆਇ 47

# ਯੂਸੁਫ਼ ਦੇ ਪਰਿਵਾਰ ਦਾ ਫ਼ਿਰਊਨ ਦੇ ਸਾਹਮਣੇ ਪੇਸ਼ ਹੋਣਾ ਅਤੇ ਉਨ੍ਹਾਂ ਦਾ ਗੋਸ਼ਨ ਵਿਚ ਵੱਸਣਾ

ਆਪਣੇ ਪਰਿਵਾਰ ਤੋਂ ਅਲੱਗ ਹੋਣ ਤੋਂ ਬਾਅਦ, ਯੂਸੁਫ਼ ਨੇ ਇੱਕ ਖੁਸ਼ੀ ਭਰੇ ਅੰਤ ਦਾ ਅਨੰਦ ਮਾਣਿਆ ਜੋ ਸਿਰਫ ਪਰਮੇਸ਼ੁਰ ਦੀ ਰੱਬੀ ਯੋਜਨਾ ਦੇ ਦੁਆਰਾ ਹੀ ਆ ਸਕਦਾ ਹੈ। ਯੂਸੁਫ਼ ਨੂੰ ਸਿਰਫ ਉਸ ਦੇ ਭਰਾਵਾਂ ਅਤੇ ਪਿਤਾ ਦੇ ਨਾਲ ਮੁੜ ਮਿਲਾਇਆ ਨਹੀਂ ਗਿਆ ਸੀ; ਸਗੋਂ ਪੂਰੇ ਪਰਿਵਾਰ ਨੂੰ ਅਕਾਲ ਦੇ ਸਮੇਂ ਮਿਸਰ ਵਿਚ ਜਾਣ ਦੇ ਲਈ ਸੱਦਾ ਦਿੱਤਾ ਗਿਆ ਸੀ। ਉੱਥੇ ਪਰਮੇਸ਼ੁਰ ਉਨ੍ਹਾਂ ਨੂੰ ਅਬਰਾਹਾਮ, ਇਸਹਾਕ, ਅਤੇ ਯਾਕੂਬ ਦੇ ਨਾਲ ਕੀਤੇ ਗਏ ਵਾਇਦਿਆਂ ਨੂੰ ਪੂਰਾ ਕਰਨ ਦੇ ਅਗਲੇ ਪੜਾਅ ਦੇ ਲਈ ਤਿਆਰ ਕਰੇਗਾ।

## ਯੂਸੁਫ਼ ਦੇ ਪਰਿਵਾਰ ਦਾ ਫ਼ਿਰਊਨ ਦੇ ਸਾਹਮਣੇ ਪੇਸ਼ ਹੋਣਾ ਅਤੇ ਉਨ੍ਹਾਂ ਦਾ ਗੋਸ਼ਨ ਵਿਚ ਵੱਸਣਾ (47:1-12)

**1ਯੂਸੁਫ਼ ਗਿਆ ਅਰ ਫ਼ਿਰਊਨ ਨੂੰ ਦੱਸਿਆ ਕਿ ਮੇਰਾ ਪਿਤਾ ਅਰ ਭਰਾ ਅਰ ਉਨ੍ਹਾਂ ਦੇ ਇੱਜੜ
ਅਰ ਚੌਣੇ ਅਰ ਸਭ ਕੁਝ ਜੋ ਉਨ੍ਹਾਂ ਦਾ ਹੈ ਕਨਾਨ ਦੇਸ ਤੋਂ ਆ ਗਏ ਹਨ ਅਰ ਵੇਖੋ ਓਹ ਗੋਸ਼ਨ
ਦੀ ਧਰਤੀ ਵਿੱਚ ਹਨ। 2ਤਾਂ ਓਸ ਆਪਣੇ ਸਭਨਾਂ ਭਰਾਵਾਂ ਵਿੱਚੋਂ ਪੰਜ ਮਨੁੱਖ ਲੈਕੇ ਫ਼ਿਰਊਨ ਦੇ
ਸਨਮੁਖ ਖੜੇ ਕੀਤੇ। 3ਅਤੇ ਫ਼ਿਰਊਨ ਨੇ ਉਹ ਦੇ ਭਰਾਵਾਂ ਨੂੰ ਆਖਿਆ, ਤੁਹਾਡਾ ਕੀ ਕੰਮ ਹੈ? ਤਾਂ
ਉਨ੍ਹਾਂ ਨੇ ਫ਼ਿਰਊਨ ਨੂੰ ਆਖਿਆ, ਤੁਹਾਡੇ ਦਾਸ ਅਯਾਲੀ ਹਨ ਅਸੀਂ ਵੀ ਅਰ ਸਾਡੇ ਪਿਓ ਦਾਦੇ
ਵੀ। 4ਫੇਰ ਉਨ੍ਹਾਂ ਨੇ ਫ਼ਿਰਊਨ ਨੂੰ ਆਖਿਆ ਅਸੀਂ ਏਸ ਦੇਸ ਵਿੱਚ ਟਿਕਣ ਨੂੰ ਆਏ ਹਾਂ ਕਿਉਂਜੋ
ਤੁਹਾਡੇ ਦਾਸਾਂ ਦੇ ਇੱਜੜਾਂ ਲਈ ਕੋਈ ਚਰਾਈ ਨਹੀਂ ਨਾਲੇ ਕਨਾਨ ਦੇਸ ਵਿੱਚ ਡਾਢਾ ਕਾਲ ਪਿਆ
ਹੋਇਆ ਹੈ ਸੋ ਹੁਣ ਆਪਣੇ ਦਾਸਾਂ ਨੂੰ ਗੋਸ਼ਨ ਦੀ ਧਰਤੀ ਵਿੱਚ ਰਹਿਣ ਦਿਓ। 5ਤਾਂ ਫ਼ਿਰਊਨ ਨੇ
ਯੂਸੁਫ਼ ਨੂੰ ਆਖਿਆ, ਤੇਰਾ ਪਿਤਾ ਅਤੇ ਤੇਰੇ ਭਰਾ ਤੇਰੇ ਕੋਲ ਆਏ ਹਨ। 6ਮਿਸਰ ਦੇਸ ਤੇਰੇ ਅੱਗੇ
ਹੈ। ਆਪਣੇ ਪਿਤਾ ਅਤੇ ਆਪਣੇ ਭਰਾਵਾਂ ਨੂੰ ਸਭ ਤੋਂ ਚੰਗੀ ਧਰਤੀ ਵਿੱਚ ਵਸਾ ਅਰਥਾਤ ਗੋਸ਼ਨ
ਦੇ ਦੇਸ ਵਿੱਚ ਵੱਸਣ ਦੇਹ ਅਤੇ ਜੇਕਰ ਤੂੰ ਜਾਣਦਾ ਹੈਂ ਭਈ ਉਨ੍ਹਾਂ ਵਿੱਚ ਸਿਆਣੇ ਮਨੁੱਖ ਹਨ ਤਾਂ
ਉਨ੍ਹਾਂ ਨੂੰ ਮੇਰੇ ਮਾਲ ਡੰਗਰ ਉੱਤੇ ਮੁਖ਼ਤਿਆਰ ਠਹਿਰਾ ਦੇਹ। 7ਤਾਂ ਯੂਸੁਫ਼ ਨੇ ਆਪਣੇ ਪਿਤਾ
ਯਾਕੂਬ ਨੂੰ ਲਿਆਂਦਾ ਅਰ ਫ਼ਿਰਊਨ ਦੇ ਸਨਮੁਖ ਖੜਾ ਕੀਤਾ ਅਤੇ ਯਾਕੂਬ ਨੇ ਫ਼ਿਰਊਨ ਨੂੰ
ਬਰਕਤ ਦਿੱਤੀ। 8ਫ਼ਿਰਊਨ ਨੇ ਯਾਕੂਬ ਨੂੰ ਆਖਿਆ ਤੇਰੀ ਉਮਰ ਕਿੰਨਿਆਂ ਵਰਿਹਾਂ ਦੀ ਹੈ?
9ਯਾਕੂਬ ਨੇ ਫ਼ਿਰਊਨ ਨੂੰ ਆਖਿਆ ਮੇਰੇ ਮੁਸਾਫਰੀ ਦੇ ਦਿਨ ਇੱਕ ਸੌ ਤੀਹ ਵਰਹੇ ਹਨ। ਮੇਰੇ**

**ਜੀਵਨ ਦੇ ਦਿਨ ਥੋੜ੍ਹੇ ਅਤੇ ਬੁਰੇ ਹੋਏ ਹਨ ਅਤੇ ਮੇਰੇ ਪਿਓ ਦਾਦੇ ਦੇ ਮੁਸਾਫਰੀ ਦੇ ਜੀਵਨ ਦੇ ਵਰਿਹਾਂ ਦੇ ਬਰਾਬਰ ਨਹੀਂ ਹੋਏ ਹਨ। [10]ਫੇਰ ਯਾਕੂਬ ਨੇ ਫ਼ਿਰਊਨ ਨੂੰ ਬਰਕਤ ਦੇਕੇ ਫ਼ਿਰਊਨ ਦੇ ਹਜ਼ੂਰੋਂ ਨਿੱਕਲ ਆਇਆ। [11]ਯੂਸੁਫ਼ ਨੇ ਆਪਣੇ ਪਿਤਾ ਅਰ ਆਪਣੇ ਭਰਾਵਾਂ ਨੂੰ ਵਸਾਇਆ ਅਰ ਉਨ੍ਹਾਂ ਨੂੰ ਮਿਸਰ ਦੇਸ ਦੀ ਸਭ ਤੋਂ ਚੰਗੀ ਧਰਤੀ ਅਰਥਾਤ ਰਾਮਸੇਸ ਦੀ ਧਰਤੀ ਵਿੱਚ ਜਿਵੇਂ ਫ਼ਿਰਊਨ ਨੇ ਹੁਕਮ ਦਿੱਤਾ ਸੀ ਮਿਲਖ ਦਿੱਤੀ। [12]ਅਰ ਯੂਸੁਫ਼ ਆਪਣੇ ਪਿਤਾ ਅਰ ਆਪਣੇ ਭਰਾਵਾਂ ਅਰ ਆਪਣੇ ਪਿਤਾ ਦੇ ਸਾਰੇ ਘਰਾਣੇ ਦੀ ਉਨ੍ਹਾਂ ਦੇ ਨਿਆਣਿਆਂ ਦੀ ਲੋੜ ਦੇ ਅਨੁਸਾਰ ਰੋਟੀ ਨਾਲ ਪਾਲਣਾ ਕਰਦਾ ਸੀ।**

**ਆਇਤ 1.** ਉਸ ਵਿਵਸਥਾ ਦੇ ਅਨੁਸਾਰ ਜਿਸ ਦੀ ਘੋਸ਼ਣਾ ਉਸ ਨੇ 46:31, 32 ਵਿਚ ਕੀਤੀ ਸੀ, **ਯੂਸੁਫ਼ ਗਿਆ ਅਰ ਫ਼ਿਰਊਨ** ਨੂੰ ਦੱਸਿਆ ਕਿ ਉਸ ਦਾ **ਪਿਤਾ** ਅਤੇ **ਭਰਾ ਕਨਾਨ** ਤੋਂ ਆਪਣੇ **ਇੱਜੜ ਅਰ ਚੌਣੇ ਅਰ ਸਭ ਕੁਝ ਜੋ ਉਨ੍ਹਾਂ ਦਾ ਹੈ** ਲੈ ਕੇ ਮਿਸਰ ਵਿਚ ਪਹੁੰਚ ਗਏ ਹਨ। ਉਸ ਨੇ ਪਤਨੀਆਂ, ਧੀਆਂ, ਪੋਤਰਿਆਂ, ਜਾਂ ਪੋਤੀਆਂ ਦਾ ਸਿੱਧਾ ਜ਼ਿਕਰ ਨਹੀਂ ਕੀਤਾ ਜੋ ਯਾਤਰਾ ਵਿਚ ਉਨ੍ਹਾਂ ਦੇ ਨਾਲ ਸਨ। ਇਸ ਵਾਕ ਵਿਚ ਕਿ **ਸਭ ਕੁਝ ਜੋ ਉਨ੍ਹਾਂ ਦਾ ਹੈ** ਵਿਚ ਉਨ੍ਹਾਂ ਦੀ ਹੋਂਦ ਨੂੰ ਸਪੱਸ਼ਟ ਤੌਰ ਤੇ ਮੰਨ ਲਿਆ ਗਿਆ ਹੈ। ਯੂਸੁਫ਼ ਨੇ ਜ਼ੋਰ ਦਿੱਤਾ ਕਿ ਉਹ ਹੁਣ **ਗੋਸ਼ਨ ਦੀ ਧਰਤੀ ਵਿੱਚ** ਸਨ (ਵੇਖੋ 45:10; 46:28, 29, 34; 47:4, 6, 27)।

**ਆਇਤ 2. ਫ਼ਿਰਊਨ** ਦੇ ਨਾਲ ਮੁਲਾਕਾਤ ਕਰਵਾਉਣ ਲਈ ਆਪਣੇ **ਸਭਨਾਂ ਭਰਾਵਾਂ** ਨੂੰ ਲਿਆਉਣ ਦੀ ਬਜਾਇ, ਯੂਸੁਫ਼ ਨੇ ਉਨ੍ਹਾਂ ਵਿਚੋਂ ਪ੍ਰਤੀਨਿਧੀ ਸਮੂਹ ਵਜੋਂ **ਪੰਜ ਮਨੁੱਖ** ਚੁਣੇ ਕਿ ਰਾਜੇ ਦੇ ਸਾਹਮਣੇ ਪੇਸ਼ ਹੋਣ। ਬਾਅਦ ਵਿਚ ਯਹੂਦੀ ਵਿਦਵਾਨਾਂ ਨੇ ਉਨ੍ਹਾਂ ਪੰਜਾਂ ਭਰਾਵਾਂ ਦਾ ਅਨੁਮਾਨ ਲਗਾਇਆ ਜਿਨ੍ਹਾਂ ਨੂੰ ਯੂਸੁਫ਼ ਨੇ ਚੁਣਿਆ ਸੀ,[1] ਪਰ ਬਾਈਬਲ ਦੀ ਲਿਖਤ ਸਾਨੂੰ ਕੋਈ ਉੱਤਰ ਨਹੀਂ ਦਿੰਦੀ ਹੈ। ਸਭ ਤੋਂ ਵੱਧ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਉਸ ਨੇ ਉਨ੍ਹਾਂ ਪੰਜਾਂ ਨੂੰ ਚੁਣਿਆ ਜੋ ਫ਼ਿਰਊਨ ਦੇ ਸਾਹਮਣੇ ਆਪਣੇ ਪਰਿਵਾਰ ਦੀ ਵਧੀਆ ਪ੍ਰਭਾਵ ਪਾਉਣਗੇ।

**ਆਇਤ 3.** ਜਿਵੇਂ ਯੂਸੁਫ਼ ਨੇ ਅਨੁਮਾਨ ਲਗਾਇਆ ਸੀ (46:33), **ਫ਼ਿਰਊਨ ਨੇ ਉਹ ਦੇ ਭਰਾਵਾਂ ਨੂੰ ਆਖਿਆ, ਤੁਹਾਡਾ ਕੀ ਕੰਮ ਹੈ?** ਸਪੱਸ਼ਟ ਤੌਰ ਤੇ, ਇਹ ਉਨ੍ਹਾਂ ਵਿਦੇਸੀਆਂ ਤੋਂ ਪੁੱਛਿਆ ਜਾਣ ਵਾਲਾ ਯੋਗ ਪ੍ਰਸ਼ਨ ਸੀ ਜੋ ਮਿਸਰ ਵਿਚ ਵੱਸਣਾ ਚਾਹੁੰਦੇ ਸਨ। ਰਾਜੇ ਨੂੰ ਦਿੱਤੇ ਆਪਣੇ ਉੱਤਰ ਵਿਚ, ਉਨ੍ਹਾਂ ਨੇ ਇਹ ਉੱਤਰ ਦੇਣ ਦਿੰਦੇ ਹੋਏ ਉਚਿਤ ਸਨਮਾਨ ਅਤੇ ਕੂਟਨੀਤਿਕ ਸ਼ਿਸ਼ਟਾਚਾਰ ਦਿਖਾਇਆ, **ਤੁਹਾਡੇ ਦਾਸ ਅਯਾਲੀ ਹਨ ਅਸੀਂ ਵੀ ਅਰ ਸਾਡੇ ਪਿਓ ਦਾਦੇ ਵੀ** (ਵੇਖੋ 46:34)।

**ਆਇਤ 4.** ਫਿਰ ਭਰਾਵਾਂ ਨੇ **ਫ਼ਿਰਊਨ** ਨੂੰ ਜਵਾਬ ਦਿੱਤਾ ਕਿ ਉਹ ਮਿਸਰ ਦੇ ਸਥਾਈ ਨਿਵਾਸੀ ਹੋਣ ਦਾ ਕੋਈ ਇਰਾਦਾ ਨਹੀਂ ਰੱਖਦੇ ਹਨ। ਉਨ੍ਹਾਂ ਨੇ ਇਹ ਕਹਿੰਦੇ ਹੋਏ ਕਿ **ਅਸੀਂ ਏਸ ਦੇਸ ਵਿੱਚ ਟਿਕਣ ਨੂੰ ਆਏ ਹਾਂ**,[2] ਆਪਣੇ ਆਪ ਨੂੰ ਰਾਜੇ ਦੀ ਕਿਰਪਾ ਤੇ ਛੱਡ ਦਿੱਤਾ, ਅਤੇ ਸਮਝਾਇਆ ਕਿ ਕਿਉਂ: **ਕਿਉਂਜੋ ਤੁਹਾਡੇ ਦਾਸਾਂ ਦੇ ਇੱਜੜਾਂ ਲਈ ਕੋਈ ਚਰਾਈ ਨਹੀਂ।** ਅੱਗੇ ਵਿਸਥਾਰ ਨਾਲ ਦੱਸਦੇ ਹੋਏ ਉਨ੍ਹਾਂ ਨੇ ਕਿਹਾ ਕਿ **ਕਨਾਨ ਦੇਸ ਵਿੱਚ ਡਾਢਾ ਕਾਲ ਪਿਆ ਹੋਇਆ** ਸੀ। ਯੂਸੁਫ਼ ਦੇ ਨਾਲ ਕੀਤੇ ਹੋਏ ਵਾਇਦੇ ਦਾ ਜ਼ਿਕਰ ਨਾ ਕਰਦੇ ਹੋਏ (45:17-20), ਇੱਕ ਤਤਕਾਲ ਬੇਨਤੀ ਦੇ ਨਾਲ ਉਨ੍ਹਾਂ ਨੇ ਆਪਣੇ ਆਪ ਨੂੰ ਉਸ ਦੀ ਕਿਰਪਾ ਅਤੇ ਸਦਭਾਵਨਾ ਨਿਰਭਰ ਹੋਣ ਦਿੱਤਾ: **ਹੁਣ ਆਪਣੇ ਦਾਸਾਂ ਨੂੰ ਗੋਸ਼ਨ ਦੀ ਧਰਤੀ ਵਿੱਚ ਰਹਿਣ ਦਿਓ।**

**ਆਇਤਾਂ 5, 6. ਫ਼ਿਰਊਨ** ਦੇ ਨਾਲ ਭਰਾਵਾਂ ਦੀ ਮੁਲਾਕਾਤ ਚੰਗੀ ਰਹੀ। ਉਸ ਨੇ **ਯੂਸੁਫ਼** ਨੂੰ ਆਖਿਆ, **ਤੇਰਾ ਪਿਤਾ ਅਤੇ ਤੇਰੇ ਭਰਾ ਤੇਰੇ ਕੋਲ ਆਏ ਹਨ।** ਇੱਥੇ ਯੂਸੁਫ਼ ਦੇ ਪਰਿਵਾਰ ਦੇ ਰਿਸ਼ਤੇ ਤੇ ਜ਼ੋਰ ਦਿੱਤਾ ਗਿਆ ਹੈ। ਇਸ ਲਾਇਨ ਨੂੰ ਇਸ ਤਰੀਕੇ ਦੇ ਨਾਲ ਸਮਝਿਆ ਜਾਣਾ

ਚਾਹੀਦਾ ਹੈ: “[ਕਿਉਂਕਿ] *ਤੇਰਾ* ਪਿਤਾ ਅਤੇ *ਤੇਰੇ* ਭਰਾ *ਤੇਰੇ* ਕੋਲ ਆਏ ਹਨ ...”[3] ਰਾਜੇ ਨੇ ਆਪਣੇ ਵਜ਼ੀਰ ਦੀ ਬਹੁਮੁੱਲੀ ਸੇਵਾ ਦੇ ਲਈ ਉਸ ਦੀ ਪ੍ਰਸ਼ੰਸਾ ਕੀਤੀ, ਅਤੇ ਕਿਹਾ, **ਮਿਸਰ ਦੇਸ ਤੇਰੇ ਅੱਗੇ ਹੈ। ਆਪਣੇ ਪਿਤਾ ਅਤੇ ਆਪਣੇ ਭਰਾਵਾਂ ਨੂੰ ਸਭ ਤੋਂ ਚੰਗੀ ਧਰਤੀ ਵਿੱਚ ਵਸਾ ਅਰਥਾਤ ਗੋਸ਼ਨ ਦੇ ਦੇਸ ਵਿੱਚ ਵੱਸਣ ਦੇਹ।**

ਇਸ ਤੋਂ ਇਲਾਵਾ, ਫ਼ਿਰਊਨ ਨੇ ਯੂਸੁਫ਼ ਦੇ ਉਨ੍ਹਾਂ ਭਰਾਵਾਂ ਦੇ ਵਿਚ ਬਹੁਤ ਰੂਚੀ ਵਿਖਾਈ ਜੋ ਪਸ਼ੂਆਂ ਦੀ ਦੇਖ-ਭਾਲ ਕਰਨ ਵਿਚ ਬਹੁਤ ਹੀ ਮਾਹਿਰ ਸਨ। ਉਸ ਨੇ ਯੂਸੁਫ਼ ਨੂੰ ਹਿਦਾਇਤ ਦਿੱਤੀ, **ਜੇਕਰ ਤੂੰ ਜਾਣਦਾ ਹੈਂ ਭਈ ਉਨ੍ਹਾਂ ਵਿੱਚ ਸਿਆਣੇ ਮਨੁੱਖ ਹਨ ਤਾਂ ਉਨ੍ਹਾਂ ਨੂੰ ਮੇਰੇ ਮਾਲ ਡੰਗਰ ਉੱਤੇ ਮੁਖ਼ਤਿਆਰ ਠਹਿਰਾ ਦੇਹ।** ਇਬਰਾਨੀ ਸ਼ਬਦ ਜਿਸ ਦਾ ਅਨੁਵਾਦ “ਸਿਆਣੇ” ਕੀਤਾ ਗਿਆ ਹੈ ਉਹ חַיִל (*ਚਾਇਲ)* ਹੈ, ਅਤੇ, ਇਸ ਪ੍ਰਸੰਗ ਵਿਚ, ਇਹ ਉਨ੍ਹਾਂ ਲੋਕਾਂ ਨੂੰ ਦਰਸਾਉਂਦਾ ਹੈ “ਵਿਸ਼ੇਸ਼ ਯੋਗਤਾ” (NLT; NIV) ਵਾਲੇ ਲੋਕਾਂ ਨੂੰ ਦਰਸਾਉਂਦਾ ਹੈ। ਰਾਜਾ ਯੂਸੁਫ਼ ਦੇ ਭਰਾਵਾਂ ਤੋਂ ਪ੍ਰਭਾਵਿਤ ਸੀ ਅਤੇ ਚਾਹੁੰਦਾ ਸੀ ਕਿ ਉਨ੍ਹਾਂ ਵਿਚੋਂ ਸਭ ਤੋਂ ਵੱਧ ਮਾਹਿਰ ਲੋਕ ਸ਼ਾਹੀ ਪਸ਼ੂਆਂ ਦੀ ਦੇਖਭਾਲ ਕਰਨ। ਅਕਸਰ ਮਿਸਰ ਦੇ ਸ਼ਿਲਾਲੇਖਾਂ ਵਿਚ ਅਜਿਹੀ ਸਥਿਤੀ ਦਾ ਉਲੇਖ ਕੀਤਾ ਜਾਂਦਾ ਹੈ, ਕਿਉਂਕਿ ਫ਼ਿਰਊਨ ਰਾਜਿਆਂ ਦੇ ਕੋਲ ਅਜਿਹੇ ਪਸ਼ੂਆਂ ਦੇ ਵੱਗ ਹੋਣਾ ਅਸਧਾਰਣ ਗੱਲ ਸੀ। ਬਾਅਦ ਦੇ ਰਿਕਾਰਡ ਦਿਖਾਉਂਦੇ ਹਨ ਕਿ ਰਾਮਸੇਸ III ਦੇ 3,264 ਆਦਮੀ ਸਨ, ਜਿਨ੍ਹਾਂ ਵਿਚੋਂ ਜ਼ਿਆਦਾਤਰ ਵਿਦੇਸੀ ਸਨ, ਜੋ ਪਸ਼ੂਆਂ ਦੀ ਦੇਖਭਾਲ ਅਤੇ ਰਖਵਾਲੀ ਕਰਨ ਦੀ ਨੌਕਰੀ ਕਰਦੇ ਸਨ।[4]

**ਆਇਤ 7.** ਫ਼ਿਰਊਨ ਦੇ ਦੁਆਰਾ ਉਸ ਦੇ ਭਰਾਵਾਂ ਨੂੰ ਚੰਗੀ ਤਰ੍ਹਾਂ ਦੇ ਨਾਲ ਗ੍ਰਹਿਣ ਕੀਤੇ ਜਾਣ ਅਤੇ ਸ਼ਾਹੀ ਅਯਾਲੀਆਂ ਦੇ ਪਦਾਂ ਦੀ ਪੇਸ਼ਕਸ਼ ਕੀਤੇ ਜਾਣ ਤੋਂ ਬਾਅਦ, **ਯੂਸੁਫ਼ ਨੇ ਆਪਣੇ ਪਿਤਾ ਯਾਕੂਬ ਨੂੰ ਲਿਆਂਦਾ ਅਰ ਫ਼ਿਰਊਨ ਦੇ ਸਨਮੁਖ ਖੜਾ ਕੀਤਾ।** ਸ਼ੁਰੂ ਵਿਚ, ਫ਼ਿਰਊਨ ਦੇ ਨਾਲ ਭਰਾਵਾਂ ਦੀ ਮੁਲਾਕਾਤ ਰਸਮੀ ਸੀ; ਅਤੇ ਉਨ੍ਹਾਂ ਨੇ ਦੋ ਵਾਰ ਆਪਣੇ ਆਪ ਨੂੰ “ਤੁਹਾਡੇ ਦਾਸ” ਕਹਿ ਕੇ ਰਾਜੇ ਨੂੰ ਬਹੁਤ ਹੀ ਆਦਰ ਦਿੱਤਾ (47:3, 4)। ਪਰ, ਜਦੋਂ ਯਾਕੂਬ ਨੂੰ ਫ਼ਿਰਊਨ ਦੇ ਸਿੰਘਾਸਣ ਦੇ ਸਾਹਮਣੇ ਪਹੁੰਚਾਇਆ ਗਿਆ ਅਤੇ ਉਸ ਨੇ **ਫ਼ਿਰਊਨ ਨੂੰ ਬਰਕਤ ਦਿੱਤੀ** ਤਾਂ ਮਾਹੌਲ ਹੋਰ ਵੀ ਪਿਆਰ ਭਰਿਆ ਹੋ ਗਿਆ।[5]

ਪਹਿਲੀ ਨਜ਼ਰ ਵਿਚ, ਯੂਸੁਫ਼ ਦੇ ਪਿਤਾ ਦੇ ਦੁਆਰਾ ਕੀਤਾ ਗਿਆ ਕੰਮ ਉਸ ਸਥਾਨ ਦੇ ਅਨੁਸਾਰ ਅਨੁਕੂਲ ਨਹੀਂ ਸੀ – ਇੱਥੋਂ ਤੱਕ ਕਿ ਸ਼ਾਇਦ ਉੱਥੋਂ ਦੇ ਸ਼ਿਸ਼ਟਾਚਾਰ ਦਾ ਉਲੰਘਣ ਵੀ ਸੀ। ਇਸ ਮੌਕੇ ਤੇ, ਇੱਕ ਵਿਦੇਸੀ ਆਮ ਵਿਅਕਤੀ ਨੇ, ਜੋ ਬਜ਼ੁਰਗ ਅਤੇ ਕਮਜ਼ੋਰ ਸੀ, ਪ੍ਰਾਚੀਨ ਨਿਕਟ ਪੂਰਬ ਦੇ ਵਿਚ ਇੱਕ ਸਭ ਤੋਂ ਅਮੀਰ ਅਤੇ ਸਭ ਤੋਂ ਸ਼ਕਤੀਸ਼ਾਲੀ ਰਾਜੇ ਨੂੰ ਬਰਕਤ ਦਿੱਤੀ ਸੀ। ਪੁਰਖਿਆਂ ਦੇ ਸਮੇਂ ਵਿਚ ਇਹ ਅਸਧਾਰਣ ਗੱਲ ਸੀ। ਇਬਰਾਨੀਆਂ ਦੀ ਪੱਤ੍ਰੀ ਵਿਚ ਇਸ ਆਦਰਸ਼ ਦੀ ਇੱਕ ਉਦਾਹਰਣ ਦਿਖਾਈ ਦਿੰਦੀ ਹੈ, ਜਿੱਥੇ ਲੇਖਕ ਨੇ ਤਰਕ ਦਿੱਤਾ ਹੈ ਕਿ ਮਲਕਿ-ਸਿਦਕ, ਸ਼ਾਲੇਮ ਦੇ ਸ੍ਰੇਸ਼ਠ ਰਾਜੇ/ਜਾਜਕ ਨੇ, ਅਬਰਾਹਾਮ ਨਾਮ ਦੇ ਇੱਕ ਮਾਮੂਲੀ ਚਰਵਾਹੇ ਨੂੰ ਬਰਕਤ ਦਿੱਤੀ ਸੀ, ਜੋ ਕਨਾਨ ਵਿਚ ਇੱਕ ਵਿਦੇਸੀ ਨਿਵਾਸੀ ਸੀ (ਇਬਰਾਨੀਆਂ 11:9, 13; ਵੇਖੋ ਉਤਪਤ 14:18-20)। ਲੇਖਕ ਨੇ ਸਪੱਸ਼ਟ ਤੌਰ ਤੇ ਕਿਹਾ ਕਿ “ਭਈ ਕੋਈ ਸ਼ੱਕ ਨਹੀਂ ਭਈ ਛੋਟੇ [ਅਬਰਾਹਾਮ]” ਨੂੰ “ਵੱਡੇ [ਮਲਕਿ-ਸਿਦਕ] ਤੋਂ ਅਸੀਸ ਮਿਲਦੀ ਹੈ” ਸੀ (ਇਬਰਾਨੀਆਂ 7:7)। ਇੱਥੇ, ਫ਼ਿਰਊਨ ਨੇ ਖੁਸ਼ੀ ਖੁਸ਼ੀ ਯਾਕੂਬ ਦੇ ਕੋਲੋਂ ਇੱਕ ਬਰਕਤ ਲਈ, ਅਤੇ ਉਸ ਕੋਲ ਅਜਿਹਾ ਕਰਨ ਦੇ ਦੋ ਕਾਰਣ ਹੋ ਸਕਦੇ ਹਨ। ਪਹਿਲਾ, ਉਹ ਯੂਸੁਫ਼ ਦੇ ਪਿਤਾ ਦੀ ਵਡੇਰੀ ਉਮਰ ਦਾ ਆਦਰ ਕਰਦਾ ਸੀ। ਉਸੇ ਤਰ੍ਹਾਂ, ਪੁਰਾਤਨ ਰਸਮ ਦੇ ਅਨੁਸਾਰ, ਹੋ ਸਕਦਾ ਹੈ ਕਿ ਯਾਕੂਬ ਨੇ ਰਾਜੇ ਨੂੰ ਲੰਬਾ ਜੀਵਨ ਦੇਣ ਦੀ ਪ੍ਰਾਰਥਨਾ ਕੀਤੀ ਹੋਵੇ (2 ਸਮੂਏਲ 16:16;

1 ਰਾਜਿਆਂ 1:31; ਦਾਨੀਏਲ 2:4; 5:10; 6:6)।[6] ਦੂਸਰਾ, ਅਤੇ ਹੋਰ ਵੀ ਮਹੱਤਵਪੂਰਣ ਕਾਰਣ, ਫ਼ਿਰਊਨ ਨੇ ਯੂਸੁਫ਼ ਦੀ ਸਲਾਹ ਦਾ ਇੰਨਾ ਆਦਰ ਅਤੇ ਭਰੋਸਾ ਕੀਤਾ ਕਿ ਉਸ ਨੇ ਉਸ ਦੇ ਬਜ਼ੁਰਗ ਪਿਤਾ ਦੇ ਕੋਲੋਂ ਅਸੀਸ ਪ੍ਰਾਪਤ ਕਰਨਾ ਇੱਕ ਆਦਰ ਦਾ ਕਾਰਣ ਮਹਿਸੂਸ ਕੀਤਾ (ਵੇਖੋ 45:8)।

**ਆਇਤ 8.** ਬਰਕਤ ਪ੍ਰਾਪਤ ਕਰਨ ਤੋਂ ਬਾਅਦ ਫ਼ਿਰਊਨ ਨੇ ਯਾਕੂਬ ਨੂੰ ਪੁੱਛਿਆ, **ਤੇਰੀ ਉਮਰ ਕਿੱਨਿਆਂ ਵਰਿਹਾਂ ਦੀ ਹੈ?** ਰਾਜੇ ਨੇ ਇਹ ਪ੍ਰਸ਼ਨ ਸ਼ਾਇਦ ਉਸ ਮੁਲ ਦੇ ਕਾਰਣ ਪੁੱਛਿਆ ਜੋ ਪ੍ਰਾਚੀਨ ਪੂਰਬੀ ਸੰਸਕ੍ਰਿਤੀਆਂ ਲੰਬੀ ਉਮਰ ਨੂੰ ਦਿੰਦੀਆਂ ਸਨ। ਯਾਕੂਬ ਦੇ ਸਮਾਨ ਇੱਕ ਵਿਅਕਤੀ, ਜੋ ਲੰਬੀ ਉਮਰ ਭੋਗਦਾ ਸੀ ਅਤੇ ਬਹੁਤ ਸਾਰੇ ਬੱਚੇ ਹੁੰਦੇ ਸਨ, ਉਸ ਨੂੰ ਬੁੱਧੀਮਾਨ ਅਤੇ ਪਰਮੇਸ਼ੁਰ ਦੇ ਕੋਲੋਂ ਬਹੁਤ ਹੀ ਬਰਕਤ ਪਾਇਆ ਹੋਇਆ ਮਨੁੱਖ ਸਮਝਿਆ ਜਾਂਦਾ ਸੀ (ਲੇਵੀਆਂ 19:32; ਅੱਯੂਬ 12:12; ਜ਼ਬੂਰ 128:5, 6; ਕਹਾਉਤਾਂ 17:6)। ਇਹ ਗੱਲ ਖਾਸ ਤੌਰ ਤੇ ਇੱਕ ਅਜਿਹੇ ਵਿਅਕਤੀ ਦੇ ਲਈ ਸਹੀ ਸੀ ਜਿਸ ਦਾ ਯੂਸੁਫ਼ ਵਰਗਾ ਇੱਕ ਪੁੱਤਰ ਸੀ ਬੁੱਧੀਮਾਨ ਸੀ ਕਿਉਂਕਿ ਉਸ ਨੇ ਸੁਫਨਿਆਂ ਦੀ ਵਿਆਖਿਆ ਕਰ ਸਕਣ ਦੀ ਆਪਣੀ ਯੋਗਤਾ ਦਾ ਸਿਹਰਾ ਪਰਮੇਸ਼ੁਰ ਦੇ ਸਿਰ ਮੜ੍ਹਿਆ ਸੀ (41:16, 25, 38, 39; ਵੇਖੋ ਜ਼ਬੂਰ 105:17-22)।

**ਆਇਤਾਂ 9, 10.** ਰਾਜੇ ਦੇ ਜਵਾਬ ਵਿਚ ਯਾਕੂਬ ਨੇ ਕਿਹਾ ਕਿ ਉਸ ਨੂੰ ਪਰਮੇਸ਼ੁਰ ਨੇ **ਮੁਸਾਫਰੀ** ਦੀ ਲੰਬੀ ਉਮਰ ਦੀ ਬਰਕਤ ਦਿੱਤੀ ਗਈ ਸੀ, ਜਿਸ ਦੀ ਗਿਣਤੀ **ਇੱਕ ਸੌ ਤੀਹ** ਸਾਲ ਸੀ।[7] ਇੱਕ ਪ੍ਰਾਚੀਨ ਮਿਸਰੀ ਲਿਖਤ ਤੋਂ ਪਤਾ ਲੱਗਦਾ ਹੈ ਕਿ 110 ਸਾਲ ਦੀ ਉਮਰ ਨੂੰ ਪ੍ਰਾਪਤ ਕਰ ਸਕਣਾ ਆਦਰਸ਼ ਸੀ,[8] ਇਹੀ ਉਹ ਉਮਰ ਸੀ ਬਾਅਦ ਵਿਚ ਜਿਸ ਉਮਰ ਵਿਚ ਯੂਸੁਫ਼ ਦੀ ਮੌਤ ਹੋਈ ਸੀ (50:22, 26)। ਭਾਵੇਂ ਯਾਕੂਬ ਨੇ ਉਸ ਉਮਰ ਨੂੰ ਪਾਰ ਕਰ ਲਿਆ ਸੀ, ਪਰ ਉਸ ਨੇ ਸਵੀਕਾਰ ਕੀਤਾ ਕਿ ਉਸ ਦੇ ਜੀਵਨ ਦੇ ਦਿਨ **ਥੋੜੇ ਅਤੇ ਬੁਰੇ** ਰਹੇ ਸਨ।

ਉਦਾਹਰਣ ਦੇ ਤੌਰ ਤੇ, ਜੋ ਧੋਖਾ ਉਸ ਨੇ ਇਸਹਾਕ ਨੂੰ ਦਿੱਤਾ ਸੀ, ਉਸ ਦੇ ਕਾਰਣ ਯਾਕੂਬ ਨੂੰ ਕਨਾਨ ਤੋਂ ਭੱਜਣਾ ਪਿਆ ਕਿਉਂਕਿ ਉਸ ਨੂੰ ਡਰ ਸੀ ਕਿ ਉਸ ਦਾ ਭਰਾ ਏਸਾਓ ਉਸ ਨੂੰ ਮਾਰ ਦੇਵੇਗਾ (27:41-28:5)। ਉਸ ਤੋਂ ਬਾਅਦ, ਲਾਬਾਨ ਦੇ ਲਈ ਅਯਾਲੀ ਦੇ ਰੂਪ ਵਿਚ ਕੰਮ ਕਰਨ ਦੇ ਵੀਹ ਸਾਲ ਬਹੁਤ ਹੀ ਮੁਸ਼ਕਲ ਅਤੇ ਥਕਾਉਣ ਵਾਲੇ ਸਨ (31:38-42)। ਯਾਕੂਬ ਦੇ ਪਰਿਵਾਰਿਕ ਜੀਵਨ ਵਿਚ ਤਨਾਅ ਅਤੇ ਵਿਰੋਧ ਸੀ ਕਿਉਂਕਿ ਉਸ ਨੂੰ ਦੋ ਭੈਣਾਂ ਦੇ ਨਾਲ ਵਿਆਹ ਕਰਵਾਉਣ ਦੇ ਲਈ ਧੋਖਾ ਦਿੱਤਾ ਗਿਆ ਸੀ। ਇਸ ਸਥਿਤੀ ਨੂੰ ਬੱਚੇ ਪੈਦਾ ਕਰਨ ਦੇ ਮੁਕਾਬਲੇ ਵਾਲੀ ਸਥਿਤੀ ਨੇ ਹੋਰ ਵੀ ਗੁੰਝਲਦਾਰ ਬਣਾ ਦਿੱਤਾ ਸੀ, ਜਿਸ ਵਿਚ ਉਸ ਨੂੰ ਉਨ੍ਹਾਂ ਦੀਆਂ ਦਾਸੀਆਂ ਸੁਰੀਤਾਂ ਦੇ ਰੂਪ ਵਿਚ ਦਿੱਤੀਆਂ ਗਈਆਂ ਸਨ (29:31-30:24)। ਪਰਿਵਾਰ ਦੇ ਕਨਾਨ ਵਿਚ ਵਾਪਸ ਪਰਤਣ ਤੋਂ ਬਾਅਦ, ਯਾਕੂਬ ਦੀ ਇਕਲੌਤੀ ਧੀ ਦਾ ਬਲਾਤਕਾਰ ਕੀਤਾ ਗਿਆ ਸੀ। ਇਸ ਵੱਡੇ ਅਨਿਆਂ ਦੇ ਉੱਤਰ ਵਿਚ, ਯਾਕੂਬ ਦੇ ਪੁੱਤਰਾਂ ਨੇ ਸ਼ਕਮ ਤੋਂ ਬਦਲਾ ਲਿਆ, ਜਿਸ ਦੇ ਕਾਰਣ ਪੁਰਖੇ ਨੂੰ ਕਨਾਨੀਆਂ ਦੇ ਦੁਆਰਾ ਹਮਲਾ ਕੀਤੇ ਜਾਣ ਦਾ ਡਰ ਸੀ (34:1-31)। ਜਦੋਂ ਪਰਿਵਾਰ ਉਸ ਸਥਾਨ ਤੋਂ ਰਵਾਨਾ ਹੋਇਆ, ਤਾਂ ਬੱਚੇ ਨੂੰ ਜਨਮ ਦਿੰਦੇ ਹੋਏ, ਉਸ ਦੀ ਮਨਪਸੰਦ ਪਤਨੀ, ਰਾਖੇਲ ਦੀ ਮੌਤ ਹੋ ਗਈ (35:16-20)। ਬਾਅਦ ਵਿਚ, ਯਾਕੂਬ ਨੂੰ ਵਿਸ਼ਵਾਸ ਦਿਵਾਇਆ ਗਿਆ ਕਿ ਉਸ ਦਾ ਸਭ ਤੋਂ ਪਿਆਰਾ ਪੁੱਤਰ, ਯੂਸੁਫ਼, ਇੱਕ ਜੰਗਲੀ ਜਾਨਵਰ ਦੇ ਦੁਆਰਾ ਮਾਰ ਦਿੱਤਾ ਗਿਆ ਸੀ (37:31-35)। ਹਾਲ ਹੀ ਦੇ ਸਾਲਾਂ ਵਿਚ, ਉਸ ਦੇ ਪਰਿਵਾਰ ਨੇ ਕਨਾਨ ਵਿਚਲੇ ਗੰਭੀਰ ਅਕਾਲ ਤੋਂ ਬਚਣ ਦੇ ਲਈ ਸੰਘਰਸ਼ ਕੀਤਾ ਸੀ (42:1, 2; 43:1, 2)। ਅਸਲ ਵਿਚ, ਉਸ ਦਾ ਜੀਵਨ ਬਹੁਤ ਹੀ ਪਰੇਸ਼ਾਨੀ ਦੇ ਨਾਲ ਭਰਿਆ ਸੀ!

ਇਸ ਤੋਂ ਇਲਾਵਾ, ਯਾਕੂਬ ਨੇ ਕਿਹਾ ਕਿ **ਪਿਓ ਦਾਦੇ ਦੇ ਮੁਸਾਫਰੀ ਦੇ ਜੀਵਨ ਦੇ ਵਰਿਹਾਂ**

ਦੀ ਤੁਲਨਾ ਵਿਚ [ਉਸ ਦੇ] **ਜੀਵਨ ਦੇ ਦਿਨ ਥੋੜੇ ਅਤੇ ਬੁਰੇ** ਰਹੇ ਸਨ। ਅਬਰਾਹਾਮ 175 ਸਾਲ ਜੀਉਂਦਾ ਰਿਹਾ ਸੀ (25:7), ਅਤੇ ਇਸਹਾਕ 180 ਸਾਲ ਦੀ ਉਮਰ ਤੱਕ ਪਹੁੰਚਿਆ (35:28)। ਇਹ ਸ਼ਬਦ ਬੋਲਣ ਤੋਂ ਬਾਅਦ (ਵੇਖੋ 47:7), **ਫੇਰ ਯਾਕੂਬ ਨੇ ਫ਼ਿਰਊਨ ਨੂੰ ਬਰਕਤ ਦੇਕੇ ਫ਼ਿਰਊਨ ਦੇ ਹਜ਼ੂਰੋਂ ਨਿੱਕਲ ਆਇਆ**।

**ਆਇਤ 11.** ਫ਼ਿਰਊਨ ਦੇ ਹੁਕਮ ਨੂੰ ਧਿਆਨ ਵਿਚ ਰੱਖਦੇ ਹੋਏ, **ਯੂਸੁਫ਼ ਨੇ ਮਿਸਰ ਦੇਸ ਦੀ ਸਭ ਤੋਂ ਚੰਗੀ ਧਰਤੀ** ਦੇ ਕੇ **ਆਪਣੇ ਪਿਤਾ ਅਰ ਆਪਣੇ ਭਰਾਵਾਂ ਨੂੰ ਵਸਾਇਆ**। ਜਿਸ ਇਬਰਾਨੀ ਸ਼ਬਦ ਦਾ ਅਨੁਵਾਦ "ਮਿਲਖ" (אֲחֻזָּה, *ਅਹੁਜ਼ਾ)* ਕੀਤਾ ਗਿਆ ਹੈ ਉਹ "ਜਾਇਦਾਦ" ਨੂੰ ਦਰਸਾਉਂਦਾ ਹੈ।[9] ਇਸ ਦਾ ਅਰਥ ਹੈ ਕਿ ਯੂਸੁਫ਼ ਭਰਾਵਾਂ ਦੀ ਮੂਲ ਮੰਗ ਤੋਂ ਪਾਰ ਗਿਆ, ਜੋ ਅਕਾਲ ਦੇ ਬਾਕੀ ਬਚੇ ਸਾਲਾਂ ਵਿਚ "ਟਿਕਣ ਲਈ" ਆਏ ਹਾਂ (47:4)। ਹੁਣ ਇਬਰਾਨੀ ਲੋਕ ਜ਼ਮੀਨ ਦੇ ਮਾਲਕ ਹੋਣਗੇ, ਅਤੇ ਵਿਦੇਸੀ ਨਿਵਾਸੀ ਨਹੀਂ ਹੋਣਗੇ, ਜਿਵੇਂ ਉਹ ਕਨਾਨ ਦੇਸ ਵਿਚ ਸਨ।

ਉਹ ਜਾਇਦਾਦ ਜੋ ਉਨ੍ਹਾਂ ਨੂੰ ਪ੍ਰਾਪਤ ਹੋਈ ਸੀ ਉਸ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ **ਮਿਸਰ ਦੇਸ ਦੀ ਸਭ ਤੋਂ ਚੰਗੀ ਧਰਤੀ ਅਰਥਾਤ ਰਾਮਸੇਸ ਦੀ ਧਰਤੀ**। ਬੇਸ਼ੱਕ, ਉਪਰੋਕਤ ਬਿਆਨ ਦਾ ਮਤਲਬ ਇਹ ਨਹੀਂ ਹੈ ਕਿ ਇਹ ਨੀਲ ਨਦੀ ਦੇ ਡੇਲਟੇ ਦੀ ਸਭ ਤੋਂ ਸਿੰਜਾਈ ਕੀਤੀ ਜਾਣ ਵਾਲੀ ਜ਼ਮੀਨ ਨਹੀਂ ਸੀ, ਕਿਉਂਕਿ ਉਸ ਜ਼ਮੀਨ ਦੇ ਉੱਤੇ ਪਹਿਲਾਂ ਤੋਂ ਹੀ ਮਿਸਰੀ ਲੋਕਾਂ ਨੇ ਕਬਜ਼ਾ ਕਰ ਲਿਆ ਸੀ। ਮਿਸਰ ਦੇ ਕਿਸਾਨਾਂ ਨੇ ਬਹੁਤ ਸਾਰੇ ਵਿਦੇਸੀ ਲੋਕਾਂ ਦੇ ਆਪਣੇ ਵੱਡੇ ਝੁੰਡਾਂ ਅਤੇ ਵੱਗਾਂ ਦੇ ਨਾਲ ਆਪਣੇ ਖੇਤਾਂ ਦੇ ਕੋਲ ਵੱਸ ਜਾਣ ਨੂੰ ਇੱਕ ਖਤਰੇ ਦੇ ਰੂਪ ਵਿਚ ਵੇਖਿਆ ਹੋਵੇਗਾ। ਗੋਸ਼ਨ, "ਰਾਮਸੇਸ ਦੀ ਧਰਤੀ," ਪੂਰਬੀ ਡੇਲਟੇ ਤੇ ਸ਼ਾਇਦ ਇੱਕ ਅਣਵੱਸਿਆ ਹੋਇਆ ਖੇਤਰ ਸੀ। ਜਦਕਿ ਇਹ ਭੂਮੀ ਖੇਤੀਬਾੜੀ ਦੇ ਲਈ ਉੱਨੀ ਵਧੀਆ ਨਹੀਂ ਸੀ, ਪਰ ਨਿਵਾਸੀਆਂ ਦੇ ਕੋਲ ਕਾਫੀ ਮਾਤਰਾ ਵਿਚ ਆਪਣੇ ਅਤੇ ਆਪਣੇ ਜਾਨਵਰਾਂ ਦੇ ਲਈ ਪਾਣੀ, ਅਤੇ ਉਸ ਦੇ ਨਾਲ ਨਾਲ ਆਪਣੇ ਝੁੰਡਾਂ ਅਤੇ ਵੱਗਾਂ ਦੇ ਲਈ ਘਾਹ ਦੇ ਮੈਦਾਨ ਹੋਣਗੇ।

ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਫਾਰੋ ਰਾਜਿਆਂ ਦੇ ਉੱਨੀਵੇਂ ਰਾਜਵੰਸ਼ ਦੇ ਸਨਮਾਨ ਵਿਚ, ਨਾਮ "ਰਾਮਸੇਸ" ਲਗਭਗ 1300 ਈ.ਪੂ. ਵਿਚ ਲਾਗੂ ਕੀਤਾ ਗਿਆ ਸੀ। ਇਨ੍ਹਾਂ ਸ਼ਾਸਕਾਂ ਵਿਚੋਂ ਸਭ ਤੋਂ ਮਹਾਨ ਰਾਮਸੇਸ ਦੂਸਰਾ ਸੀ, ਜਿਸ ਨੇ ਇਸ ਖੇਤਰ ਵਿਚ ਮਹਾਨ ਰਾਜਧਾਨੀ ਪਾਈ-ਰਾਮਸੇਸ ਨੂੰ ਬਣਾਇਆ।

ਜੋ ਲੋਕ ਕੂਚ ਕਰਨ ਦੀ ਤਾਰੀਖ ਤੇ ਤਰਜੀਹ ਦਿੰਦੇ ਹਨ ਉਹ ਸੋਚਦੇ ਹਨ ਕਿ ਇਸਰਾਏਲੀਆਂ ਨੇ ਰਾਮਸੇਸ ਦੂਸਰੇ (1290 ਈ.ਪੂ.) ਵਿਚ ਮਿਸਰ ਨੂੰ ਛੱਡ ਦਿੱਤਾ ਸੀ। ਇਸ ਮਾਮਲੇ ਵਿਚ, ਮੂਸਾ ਨੇ "ਰਾਮਸੇਸ ਦੀ ਧਰਤੀ" ਵਾਕ ਦੀ ਵਰਤੋਂ, ਜੋ ਸਮਕਾਲੀਨ ਭਾਸ਼ਾ ਵਿਚ ਉਸ ਧਰਤੀ ਦਾ ਵਰਣਨ ਕਰਦਾ ਹੈ ਜਿੱਥੇ ਸਦੀਆਂ ਪਹਿਲਾਂ ਯਾਕੂਬ ਦਾ ਪਰਿਵਾਰ ਵੱਸ ਗਿਆ ਸੀ।[10] ਪਰ, ਕੁਝ ਲੋਕ ਜੋ ਕੂਚ ਦੀ ਪਹਿਲੀ ਤਾਰੀਖ ਦਾ ਸਮਰਥਨ ਕਰਦੇ ਹਨ (1445 ਈ.ਪੂ.) ਉਨ੍ਹਾਂ ਦਾ ਕਹਿਣਾ ਹੈ ਕਿ ਇਹ ਨਾਮ ਸਿਰਫ ਯੂਸੁਫ਼ ਦੇ ਸਮੇਂ ਵਿਚ ਹੀ ਵਰਤਿਆ ਜਾਂਦਾ ਸੀ।

**ਆਇਤ 12.** ਇਸ ਧਰਤੀ ਤੇ ਵੱਸਣ ਲਈ ਇੰਤਜ਼ਾਮ ਕਰਨ ਦੇ ਨਾਲ ਨਾਲ, **ਯੂਸੁਫ਼ ਆਪਣੇ ਪਿਤਾ ਅਰ ਆਪਣੇ ਭਰਾਵਾਂ ਅਰ ਆਪਣੇ ਪਿਤਾ ਦੇ ਸਾਰੇ ਘਰਾਣੇ ਦੀ ਉਨ੍ਹਾਂ ਦੇ ਨਿਆਣਿਆਂ ਦੀ** ਬਹੁਤ ਸਾਰੀ **ਰੋਟੀ** ਦੁਆਰਾ ਅਤੇ ਹੋਰਨਾਂ ਸਾਧਨਾਂ ਦੁਆਰਾ **ਪਾਲਣਾ ਕਰਦਾ ਸੀ**। ਇਹ 45:11 ਦੇ ਵਾਇਦੇ ਨੂੰ ਪੂਰਾ ਕਰਦੇ ਹੋਏ ਕੀਤਾ ਜਾ ਰਿਹਾ ਸੀ।

## ਅਕਾਲ ਦਾ ਜਾਰੀ ਰਹਿਣਾ (47:13-26)

ਕਿਉਂਕਿ ਗੋਸ਼ਨ ਦੀ ਧਰਤੀ ਮਿਸਰ ਵਿਚ ਇੱਕ ਪਸੰਦੀਦਾ ਭੂਮੀ ਸੀ ਜਿਸ ਦੀ ਜਨਸੰਖਿਆ

ਬਹੁਤ ਹੀ ਘੱਟ ਸੀ, ਇਸ ਲਈ ਯੂਸੁਫ਼ ਨੂੰ ਆਪਣੇ ਪਰਿਵਾਰ ਦੀਆਂ ਲੋੜਾਂ ਪੂਰੀਆਂ ਕਰਨ ਵਿਚ ਕੋਈ ਮੁਸ਼ਕਲ ਨਹੀਂ ਸੀ। ਪਰ, ਦੇਸ ਦੇ ਉਨ੍ਹਾਂ ਖੇਤਰਾਂ ਵਿਚ ਜਿੱਥੇ ਮਿਸਰੀਆਂ ਦੇ ਝੁੰਡਾਂ ਦੇ ਝੁੰਡ ਸਨ, ਸਥਿਤੀ ਕਾਫੀ ਵੱਖਰੀ ਸੀ। ਉਨ੍ਹਾਂ ਨੂੰ ਇੰਨੀ ਭਰਪੂਰੀ ਦੇ ਨਾਲ ਭੋਜਨ ਨਹੀਂ ਮਿਲਦਾ ਸੀ। ਇਸ ਲਈ, ਕਹਾਣੀਕਾਰ ਨੇ ਉਨ੍ਹਾਂ ਕਦਮਾਂ ਦੇ ਵਿਸ਼ੇ ਵਿਚ ਬਹੁਤ ਹੀ ਵਿਸਥਾਰ ਦੇ ਨਾਲ ਦੱਸਿਆ ਜੋ ਯੂਸੁਫ਼ ਨੇ ਲੋਕਾਂ ਨੂੰ ਭੁੱਖੇ ਮਰਨ ਲਈ ਬਚਾਉਣ ਦੇ ਲਈ ਚੁੱਕੇ ਸਨ। ਰਾਸ਼ਟਰ ਨੂੰ ਅਨਾਜ ਹੈਂਗਆਉਂਟ ਤੋਂ ਵਧੇਰੇ ਦੀ ਲੋੜ ਸੀ; ਇਸ ਨੂੰ ਦੂਰਗਾਮੀ ਖੇਤੀਬਾੜੀ ਸੁਧਾਰਾਂ ਦੀ ਲੋੜ ਸੀ। ਇਹ ਖਾਤਾ ਸੰਕਟਾਂ ਦੇ ਨਾਲ ਨਿਪਟਣ ਦੇ ਯੂਸੁਫ਼ ਦੇ ਪ੍ਰਸ਼ਾਸਨਿਕ ਹੁਨਰ ਤੇ ਜ਼ੋਰ ਦਿੰਦਾ ਹੈ ਜੋ ਮਿਸਰੀ ਲੋਕਾਂ ਦੇ ਧਰਤੀ ਨਾਲ ਅਤੇ ਫ਼ਿਰਊਨ ਦੇ ਨਾਲ ਰਿਸ਼ਤੇ ਦੇ ਪੁਨਰਗਠਨ ਦੇ ਕਾਰਣ ਪੈਦਾ ਹੋਇਆ ਸੀ।

**ਲੋੜਵੰਦ ਪਰਜਾ (47:13-19)**

**[13]ਸਾਰੀ ਧਰਤੀ ਉੱਤੇ ਰੋਟੀ ਨਹੀਂ ਸੀ ਕਿਉਂਜੋ ਕਾਲ ਡਾਢਾ ਭਾਰੀ ਸੀ ਅਰ ਮਿਸਰ ਦੇਸ ਅਰ
ਕਨਾਨ ਦੇਸ ਕਾਲ ਦੇ ਕਾਰਨ ਹੁੱਸ ਗਏ ਸਨ। [14]ਯੂਸੁਫ਼ ਨੇ ਸਾਰੀ ਚਾਂਦੀ ਜਿਹੜੀ ਮਿਸਰ ਦੇ ਦੇਸ
ਵਿੱਚੋਂ ਅਰ ਕਨਾਨ ਦੇਸ ਵਿੱਚੋਂ ਅੰਨ ਵਿਹਾਜਣ ਦੇ ਬਦਲੇ ਲੱਭੀ ਇਕੱਠੀ ਕਰ ਲਈ ਅਰ ਯੂਸੁਫ਼ ਨੇ
ਉਹ ਚਾਂਦੀ ਫ਼ਿਰਊਨ ਦੇ ਘਰ ਲੈ ਆਂਦੀ। [15]ਜਦ ਮਿਸਰ ਦੇਸ ਅਰ ਕਨਾਨ ਦੇਸ ਦੀ ਚਾਂਦੀ
ਖਰਚ ਹੋ ਗਈ ਤਾਂ ਸਾਰੇ ਮਿਸਰੀ ਏਹ ਆਖਣ ਲਈ ਯੂਸੁਫ਼ ਕੋਲ ਆਏ ਕਿ ਸਾਨੂੰ ਰੋਟੀ ਦਿਓ।
ਅਸੀਂ ਤੁਹਾਡੇ ਅੱਗੇ ਕਿਉਂ ਮਰੀਏ ਕਿਉਂਜੋ ਚਾਂਦੀ ਮੁੱਕ ਗਈ ਹੈ। [16]ਤਾਂ ਯੂਸੁਫ਼ ਨੇ ਆਖਿਆ,
ਆਪਣੇ ਮਾਲ ਡੰਗਰ ਦਿਓ ਅਰ ਜੇ ਚਾਂਦੀ ਮੁੱਕ ਗਈ ਹੈ ਤਾਂ ਮੈਂ ਤੁਹਾਨੂੰ ਡੰਗਰਾਂ ਦੇ ਬਦਲੇ ਅੰਨ
ਦਿਆਂਗਾ। [17]ਤਾਂ ਓਹ ਆਪਣੇ ਮਾਲ ਡੰਗਰ ਯੂਸੁਫ਼ ਕੋਲ ਲਿਆਏ ਅਤੇ ਯੂਸੁਫ਼ ਨੇ ਉਨ੍ਹਾਂ ਦੇ
ਘੋੜਿਆਂ ਅਤੇ ਡੰਗਰਾਂ ਅਤੇ ਇੱਜੜਾਂ ਅਤੇ ਖੋਤਿਆਂ ਦੇ ਬਦਲੇ ਉਨ੍ਹਾਂ ਨੂੰ ਅੰਨ ਦਿੱਤਾ ਅਤੇ ਉਸ
ਸਾਰੇ ਵਰਹੇ ਉਸ ਨੇ ਉਨ੍ਹਾਂ ਨੂੰ ਮਾਲ ਡੰਗਰਾਂ ਦੇ ਬਦਲੇ ਰੋਟੀ ਖਵਾਈ। [18]ਜਦ ਉਹ ਵਰਹਾ ਬੀਤ
ਗਿਆ ਤਾਂ ਦੂਜੇ ਵਰਹੇ ਓਹ ਉਹ ਦੇ ਕੋਲ ਫੇਰ ਆਏ ਅਰ ਉਸ ਨੂੰ ਆਖਿਆ, ਅਸੀਂ ਆਪਣੇ
ਸਵਾਮੀ ਤੋਂ ਲੁਕਾ ਨਹੀਂ ਸੱਕਦੇ ਕਿ ਸਾਡੀ ਚਾਂਦੀ ਮੁੱਕ ਗਈ ਹੈ ਅਰ ਮਾਲ ਡੰਗਰ ਵੀ ਸਾਡੇ
ਸਵਾਮੀ ਦੇ ਹੋ ਗਏ ਹਨ ਸੋ ਹੁਣ ਸਾਡੇ ਸਵਾਮੀ ਦੇ ਅੱਗੇ ਸਾਡੇ ਸਰੀਰਾਂ ਅਰ ਜ਼ਮੀਨ ਤੋਂ ਬਿਨਾ
ਹੋਰ ਕੁਝ ਬਾਕੀ ਨਹੀਂ ਰਿਹਾ। [19]ਅਸੀਂ ਤੁਹਾਡੇ ਅੱਗੇ ਕਿਉਂ ਨਾਸ ਹੋਈਏ ਅਸੀਂ ਵੀ ਅਰ ਸਾਡੀ
ਜ਼ਮੀਨ ਵੀ। ਸਾਨੂੰ ਅਰ ਸਾਡੀ ਜ਼ਮੀਨ ਨੂੰ ਰੋਟੀ ਦੇ ਬਦਲੇ ਮੁੱਲ ਲੈ ਲਓ। ਅਸੀਂ ਆਪਣੀ ਜ਼ਮੀਨ
ਸਣੇ ਫ਼ਿਰਊਨ ਦੇ ਦਾਸ ਹੋਵਾਂਗੇ ਪਰ ਸਾਨੂੰ ਬੀ ਦਿਓ ਜੋ ਅਸੀਂ ਜੀਵੀਏ ਅਰ ਮਰੀਏ ਨਾ ਅਤੇ
ਜ਼ਮੀਨ ਉੱਜੜ ਨਾ ਜਾਵੇ।**

**ਆਇਤ 13.** ਜਦੋਂ ਅਕਾਲ ਨਿਰੰਤਰ ਜਾਰੀ ਰਿਹਾ ਅਤੇ ਅਨਾਜ ਦੀ ਪੂਰਤੀ ਘੱਟ ਹੋ ਗਈ, ਤਾਂ ਹਾਲਤ ਹੋਰ ਗੰਭੀਰ ਹੋ ਗਈ ਸੀ। ਬਹੁਤ ਜਲਦੀ, **ਸਾਰੀ ਧਰਤੀ ਉੱਤੇ ਰੋਟੀ ਨਹੀਂ ਸੀ ਕਿਉਂਜੋ ਕਾਲ ਡਾਢਾ ਭਾਰੀ ਸੀ**। ਇਹ **ਮਿਸਰ ਦੇਸ ਅਰ ਕਨਾਨ ਦੇਸ** ਦੋਵਾਂ ਦੀ ਦਸ਼ਾ ਸਮਾਨ ਸੀ। ਇੱਕ ਦਿਨ ਨੂੰ ਛੂਹਣ ਵਾਲੇ ਵਰਣਨ ਵਿਚ, ਲੇਖਕ ਨੇ ਇਨ੍ਹਾਂ ਦੇਸਾਂ ਨੂੰ ਵਿਅਕਤੀਗਤ ਤੌਰ ਤੇ ਦਰਸਾਇਆ ਸੀ, ਜਿਵੇਂ ਇਹ ਇੱਕ ਵਿਅਕਤੀ ਹੋਵੇ ਜੋ ਆਸ ਤੋਂ ਬਿਨਾਂ **ਕਾਲ ਦੇ ਕਾਰਨ ਹੁੱਸ** [ਦੁੱਖ ਝੱਲ ਰਹੇ ਸਨ] **ਗਏ ਸਨ।**

**ਆਇਤ 14.** ਫਿਰ ਵੀ, ਮਿਸ ਦੀ ਦਸ਼ਾ ਇੰਨੀ ਨਿਰਾਸ਼ਾਜਨਕ ਨਹੀਂ ਸੀ ਕਿਉਂਕਿ ਯੂਸੁਫ਼ ਦੇ ਨਿਰਦੇਸ਼ ਅਧੀਨ ਬਹੁਤਾਇਤ ਦੇ ਨਾਲ ਚੀਜ਼ਾਂ ਇਕੱਠੀਆਂ ਕਰ ਲਈਆਂ ਗਈਆਂ ਸਨ। ਜਦੋਂ ਲੋਕ ਭੋਜਨ ਦੇ ਲਈ ਬੇਤਾਬ ਸਨ, ਤਾਂ **ਯੂਸੁਫ਼ ਇਸ ਨੂੰ ਉਪਲੱਬਧ ਕਰਵਾਇਆ ਅਤੇ ਸਾਰੀ ਚਾਂਦੀ ਜਿਹੜੀ ਮਿਸਰ ਦੇ ਦੇਸ ਵਿੱਚੋਂ ਅਰ ਕਨਾਨ ਦੇਸ ਵਿੱਚੋਂ ਅੰਨ ਦੇ ਬਦਲੇ** ਜੋ ਉਨ੍ਹਾਂ ਨੇ ਖਰੀਦਿਆ

ਸੀ **ਲੱਭੀ ਇਕੱਠੀ ਕਰ ਲਈ**। ਭਾਵੇਂ ਉਹ ਸਰਕਾਰ ਵਿਚ ਸ਼ਕਤੀਸ਼ਾਲੀ ਰਾਜਨੀਤਿਕ ਸਥਿਤੀ ਵਿਚ ਸੀ, ਪਰ ਫਿਰ ਵੀ ਉਸ ਦੁੱਖ ਦੇ ਸਮੇਂ ਵਿਚ ਯੂਸੁਫ਼ ਨੇ ਆਪਣੇ ਆਪ ਨੂੰ ਅਮੀਰ ਬਣਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ, ਇਸ ਦੀ ਬਜਾਇ, ਉਸ ਨੇ ਈਮਾਨਦਾਰੀ ਦੇ ਨਾਲ ਇਕੱਠੀ ਕੀਤੀ ਹੋਈ **ਚਾਂਦੀ ਫ਼ਿਰਊਨ ਦੇ ਘਰ ਲੈ ਆਂਦੀ**। ਆਖਿਰਕਾਰ, ਰਾਜੇ ਨੇ ਪੂਰੇ ਮਿਸਰ ਦੇਸ ਵਿਚ ਅਨਾਜ ਇਕੱਠਾ ਕਰਨ ਦੇ ਲਈ ਬਣਾਏ ਗਏ ਭੰਡਾਰਾਂ ਵਿਚ ਬਹੁਤ ਸਾਰਾ ਪੈਸਾ ਖਰਚ ਕੀਤਾ ਸੀ; ਹੁਣ ਲੋਕ ਸਰਕਾਰ ਦੇ ਗੋਦਾਮਾਂ ਵਿਚੋਂ ਅਨਾਜ ਖਰੀਦਣ ਦੇ ਲਈ ਆਪਣਾ ਪੈਸਾ ਖਰਚ ਕਰ ਰਹੇ ਸਨ।

**ਆਇਤ 15.** ਜਿਉਂ ਜਿਉਂ ਸਮਾਂ ਬੀਤਦਾ ਗਿਆ, **ਮਿਸਰ ਦੇਸ ਅਰ ਕਨਾਨ ਦੇਸ** ਲੋਕਾਂ ਦਾ ਸਾਰਾ ਪੈਸਾ ਖਰਚ ਹੋ ਗਿਆ ਸੀ ਅਤੇ ਉਹ ਤਨਾਅ ਦੀ ਹਾਲਤ ਵਿਚ ਸਨ। ਫਿਰ ਸਾਰੇ ਮਿਸਰੀ ਭੋਜਨ ਦੇ **ਲਈ ਯੂਸੁਫ਼ ਕੋਲ ਆਏ**। ਉਹ ਪੂਰੀ ਤਰ੍ਹਾਂ ਦੇ ਨਾਲ ਉਸ ਦੀ ਦਯਾ ਤੇ ਨਿਰਭਰ ਜਦੋਂ ਉਨ੍ਹਾਂ ਨੇ ਬੇਨਤੀ ਕੀਤੀ, ਸਾਨੂੰ ਰੋਟੀ ਦਿਓ। **ਅਸੀਂ ਤੁਹਾਡੇ ਅੱਗੇ ਕਿਉਂ ਮਰੀਏ ਕਿਉਂਜੋ ਚਾਂਦੀ ਮੁੱਕ ਗਈ ਹੈ।**

**ਆਇਤ 16.** ਕਿਉਂਕਿ ਉਨ੍ਹਾਂ ਦੇ ਕੋਲ ਪੈਸਾ ਨਹੀਂ ਸੀ, ਇਸ ਲਈ ਯੂਸੁਫ਼ ਦਾ ਉੱਤਰ ਸੀ **ਆਪਣੇ ਮਾਲ ਡੰਗਰ ਦਿਓ ਅਰ ਜੇ ਚਾਂਦੀ ਮੁੱਕ ਗਈ ਹੈ ਤਾਂ ਮੈਂ ਤੁਹਾਨੂੰ ਡੰਗਰਾਂ ਦੇ ਬਦਲੇ ਅੰਨ ਦਿਆਂਗਾ**। ਇਹ ਮੰਗ ਕਠੋਰ ਜਾਪਦੀ ਹੋ ਸਕਦੀ ਹੈ; ਪਰ ਰਾਸ਼ਟਰੀ ਸੰਕਟ ਦੇ ਸਮੇਂ, ਜਦੋਂ ਲੋਕਾਂ ਦਾ ਜੀਵਨ ਖਤਮ ਹੋਣ ਦਾ ਖਤਰਾ ਹੁੰਦਾ ਹੈ, ਉਸ ਸਮੇਂ ਅਤਿਅੰਤ ਕਦਮ ਚੁੱਕਣੇ ਪੈਂਦੇ ਹਨ।

**ਆਇਤ 17.** ਇਸ ਲਈ, ਲੋਕ **ਆਪਣੇ ਮਾਲ ਡੰਗਰ ਯੂਸੁਫ਼ ਕੋਲ ਲਿਆਏ**, ਅਤੇ ਉਸ ਨੇ ਉਨ੍ਹਾਂ ਨੂੰ **ਉਨ੍ਹਾਂ ਦੇ ਘੋੜਿਆਂ**[11] **ਅਤੇ ਡੰਗਰਾਂ ਅਤੇ ਇੱਜੜਾਂ ਅਤੇ ਖੋਤਿਆਂ ਦੇ ਬਦਲੇ ਉਨ੍ਹਾਂ ਨੂੰ ਅੰਨ ਦਿੱਤਾ**। ਇਸ ਸੌਦੇ ਦਾ ਨਤੀਜਾ ਇਹ ਸੀ ਕਿ ਯੂਸੁਫ਼ ਨੇ **ਉਸ ਸਾਰੇ ਵਰਹੇ ਉਨ੍ਹਾਂ ਨੂੰ ਮਾਲ ਡੰਗਰਾਂ ਦੇ ਬਦਲੇ ਰੋਟੀ ਖਵਾਈ**।

ਇਸ ਖਾਤੇ ਨੂੰ ਸਿੱਧਾ ਸਿੱਧਾ ਪੜ੍ਹਣਾ ਸਿਰਫ ਚਰਮ ਹੀ ਨਹੀਂ ਲੱਗਦਾ ਹੈ, ਪਰ ਇਹ ਕੁੱਝ ਗੰਭੀਰ ਪ੍ਰਸ਼ਨਾਂ ਨੂੰ ਵੀ ਉਠਾਉਂਦਾ ਹੈ। ਸਭ ਤੋਂ ਪਹਿਲਾਂ ਇਹ ਕਿ, ਜਦੋਂ ਸੋਕਾ ਅਤੇ ਅਕਾਲ ਖਤਮ ਹੋ ਜਾਣਗੇ, ਤਾਂ ਲੋਕ ਜਾਨਵਰਾਂ ਤੋਂ ਬਿਨਾਂ ਆਪਣੇ ਹਲ ਕਿਵੇਂ ਚਲਾਉਣਗੇ, ਅਤੇ ਆਪਣੇ ਜੀਵਨ ਨੂੰ ਚਲਾਉਣ ਦੇ ਲਈ ਹੋਰਨਾਂ ਕੰਮਾਂ ਵਿਚ ਉਨ੍ਹਾਂ ਦੀ ਮਦਦ ਕਿਵੇਂ ਲੈਣਗੇ? ਦੂਸਰਾ, ਝੁੰਡ ਅਤੇ ਵੱਗ ਨੇ ਭੋਜਨ ਦੇ ਲਈ ਦੁੱਧ ਅਤੇ ਮਾਸ, ਕੱਪੜਿਆਂ, ਜੁੱਤੀਆਂ ਅਤੇ ਹੋਰਨਾਂ ਚੀਜ਼ਾਂ ਦੇ ਲਈ ਉੱਨ ਅਤੇ ਚਮੜਾ ਪ੍ਰਦਾਨ ਕੀਤੇ ਸਨ। ਜੇਕਰ ਮਿਸਰੀਆਂ ਨੂੰ ਆਪਣੇ ਸਾਰੇ ਜਾਨਵਰਾਂ ਨੂੰ ਛੱਡਣ ਦੇ ਲਈ ਮਜਬੂਰ ਕੀਤਾ ਜਾਂਦਾ ਸੀ, ਤਾਂ ਇਹ ਨੀਤੀ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੇ ਸੰਬੰਧ ਵਿਚ ਮੂਰਖਤਾਪੂਰਣ ਅਤੇ ਬੇਬੁਨਿਆਦ ਜਾਪਦੀ ਹੈ। ਤੀਸਰਾ, ਇੱਕ ਵਾਰ ਜੇਕਰ ਮਿਸਰੀ ਲੋਕਾਂ ਨੂੰ ਇਹ ਪਤਾ ਲੱਗ ਗਿਆ ਕਿ ਯੂਸੁਫ਼ ਨੇ ਆਪਣੇ ਖੁਦ ਦੇ ਵਿਦੇਸੀ ਪਰਿਵਾਰ ਦੇ ਸਾਰੇ ਜਾਨਵਰਾਂ ਨੂੰ ਆਪਣੇ ਕੋਲ ਹੀ ਰੱਖੀ ਰੱਖਣ ਦੀ ਇਜਾਜ਼ਤ ਦਿੱਤੀ ਹੋਈ ਸੀ, ਤਾਂ ਉਹ ਆਪਣੇ ਵਜੀਰ ਤੋਂ ਨਰਾਜ਼ ਹੋ ਜਾਣਗੇ ਅਤੇ ਉਸ ਨੂੰ ਰਾਜੇ ਦੇ ਕਾਰੋਬਾਰ ਦਾ ਪ੍ਰਬੰਧ ਕਰਨ ਦੇ ਵਿਚ ਬੇਇਨਸਾਫ਼ ਸਮਝਣਗੇ।

ਹਾਲਾਂਕਿ ਬਹੁਤ ਸਾਰੇ ਵਿਦਵਾਨ ਉੱਪਰ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਪ੍ਰਭਾਵਾਂ ਦੇ ਵਿਸ਼ੇ ਵਿਚ ਚਰਚਾ ਕਰਨ ਤੋਂ ਦੂਰ ਰਹਿੰਦੇ ਹਨ, ਪਰ ਕੁਝ ਲੋਕ ਇਨ੍ਹਾਂ ਨੂੰ ਇੱਕ ਭਰੋਸੇਮੰਦ ਤਰੀਕੇ ਦੇ ਨਾਲ ਪੇਸ਼ ਕਰਦੇ ਹਨ। ਆਪਣੇ ਸਾਰੇ ਜਾਨਵਰਾਂ ਨੂੰ ਵੇਚਣ ਰਾਜਧਾਨੀ ਵਿਚ ਰਾਜੇ ਦੇ ਕੋਲ ਛੱਡਣ ਦੀ ਬਜਾਇ ਜਾਂ ਵੇਚਣ ਦੀ ਬਜਾਇ, ਲਿਖਤ ਦਾ ਇਹ ਅਰਥ ਹੋ ਸਕਦਾ ਹੈ ਕਿ, ਯੂਸੁਫ਼ ਦੀ ਰਹਿਨੁਮਾਈ ਦੇ ਅਧੀਨ, ਲੋੜਵੰਦਾਂ ਨੇ ਆਪਣੇ ਪਸ਼ੂਆਂ ਨੂੰ ਫ਼ਿਰਊਨ ਦੇ ਕੋਲ ਗਿਰਵੀ

ਰੱਖ ਦਿੱਤਾ ਅਤੇ ਇਸ ਗੱਲ ਦੇ ਲਈ ਤਿਆਰ ਹੋ ਗਏ ਸਨ ਕਿ ਜਦੋਂ ਅਕਾਲ ਖਤਮ ਹੋ ਜਾਵੇਗਾ ਤਾਂ ਉਹ ਭੁਗਤਾਨ ਕਰ ਦੇਣਗੇ। ਇਸ ਦੇ ਦੌਰਾਨ, ਉਹ ਆਪਣੇ ਪਰਿਵਾਰ ਦੀ ਭਲਾਈ ਦੇ ਲਈ ਉਨ੍ਹਾਂ ਦਾ ਇਸਤੇਮਾਲ ਕਰਦੇ ਰਹਿ ਸਕਣਗੇ।[12]

**ਆਇਤ 18.** ਲਿਖਤ ਇਸ ਵਿਚਾਰ ਦੇ ਨਾਲ ਜਾਰੀ ਹੈ ਕਿ **ਜਦ ਉਹ ਵਰਹਾ ਬੀਤ ਗਿਆ ਤਾਂ ਦੂਜੇ ਵਰਹੇ** ਫਿਰ ਮਿਸਰ ਦੇ ਲੋਕ ਯੂਸੁਫ਼ ਦੇ ਕੋਲ ਗਏ। ਇਬਰਾਨੀ ਸ਼ਾਬਦਿਕ ਤੌਰ ਤੇ ਕਹਿੰਦਾ ਹੈ "ਦੂਸਰਾ ਵਰਹਾ," ਪਰ ਇਹ ਸਪੱਸ਼ਟ ਨਹੀਂ ਹੈ ਕਿ ਇਸ ਦਾ ਅਰਥ ਕਿਹੜਾ ਸਾਲ ਹੈ। ਇਹ ਅਕਾਲ ਦਾ ਦੂਸਰਾ ਵਰਹਾ ਨਹੀਂ ਹੋ ਸਕਦਾ ਹੈ, ਕਿਉਂਕਿ ਅਨਾਜ ਦੀ ਥੁੜ ਦੇ ਤੀਜੇ ਵਰਹੇ ਦੇ ਕੁਝ ਸਮੇਂ ਤੱਕ ਯਾਕੂਬ ਅਤੇ ਉਸ ਦਾ ਪਰਿਵਾਰ ਮਿਸਰ ਨੂੰ ਰਵਾਨਾ ਨਹੀਂ ਹੋਏ ਸਨ (41:54-42:3; 43:1, 2, 15; 45:21-25; 46:1-7)। ਪਾਠ ਇਹ ਨਹੀਂ ਕਹਿੰਦਾ ਕਿ ਉਨ੍ਹਾਂ ਦੇ ਆਉਣ ਤੋਂ ਬਾਅਦ ਕਿੰਨਾ ਸਮਾਂ ਬੀਤ ਚੁੱਕਾ ਸੀ। ਨਾ ਹੀ ਸਾਨੂੰ ਇਹ ਪਤਾ ਹੈ ਕਿ ਮਿਸਰੀਆਂ ਨੂੰ ਆਪਣੇ ਸਾਰੇ ਭੋਜਨ ਅਤੇ ਪੈਸੇ ਨੂੰ ਖਤਮ ਕਰਨ ਵਿਚ ਕਿੰਨੇ ਸਾਲ ਲੱਗੇ ਸਨ ਜਿਸ ਨਾਲ ਉਨ੍ਹਾਂ ਲਈ ਆਪਣੇ ਜਾਨਵਰਾਂ ਨੂੰ ਫ਼ਿਰਊਨ ਦੇ ਸਾਹਮਣੇ ਵੇਚਣਾ (ਜਾਂ ਸ਼ਾਇਦ ਗਿਰਵੀ ਰੱਖਣਾ) ਜ਼ਰੂਰੀ ਹੋ ਗਿਆ ਸੀ (47:13-17)।

ਲਿਖਤ ਤੋਂ ਇਹ ਭਾਵ ਹੈ ਕਿ ਇਹ ਉਸ ਸਾਲ ਤੋਂ ਬਾਅਦ ਦਾ ਸਾਲ ਸੀ ਜਦੋਂ ਲੋਕ ਦੁਬਾਰਾ ਯੂਸੁਫ਼ ਦੇ ਕੋਲ **ਆਏ ਅਤੇ ਉਸ ਨੂੰ** ਦੱਸਿਆ, **ਅਸੀਂ ਆਪਣੇ ਸਵਾਮੀ ਤੋਂ ਲੁਕਾ ਨਹੀਂ ਸੱਕਦੇ ਕਿ ਸਾਡੀ ਚਾਂਦੀ ਮੁੱਕ ਗਈ ਹੈ ਅਰ ਮਾਲ ਡੰਗਰ ਵੀ ਸਾਡੇ ਸਵਾਮੀ ਦੇ ਹੋ ਗਏ ਹਨ ਸੋ ਹੁਣ ਸਾਡੇ ਸਵਾਮੀ ਦੇ ਅੱਗੇ ਸਾਡੇ ਸਰੀਰਾਂ ਅਰ ਜ਼ਮੀਨ ਤੋਂ ਬਿਨਾ ਹੋਰ ਕੁਝ ਬਾਕੀ ਨਹੀਂ ਰਿਹਾ**। "ਸਰੀਰਾਂ" גְּוִיָּה (*ਗੀਵੀਆਹ)* ਦਾ ਅਨੁਵਾਦ ਬਹੁਵਚਨ ਰੂਪ ਵਿਚ ਹੁੰਦਾ ਹੈ, ਜੋ ਇੱਕ ਇਬਰਾਨੀ ਸ਼ਬਦ ਹੈ ਜੋ ਕਦੀ-ਕਦੀ ਇੱਕ "ਲਾਸ਼" ਦਾ ਉਲੇਖ ਕਰਦਾ ਹੈ (ਵੇਖੋ 1 ਸਮੂਏਲ 31:10; ਨਹੂਮ 3:3)। ਸ਼ਾਇਦ ਇਸ ਸ਼ਬਦ ਦੀ ਵਰਤੋਂ ਉਨ੍ਹਾਂ ਦੀ ਸਥਿਤੀ ਦੇ ਨਿਰਾਸ਼ਾਜਨਕ ਪ੍ਰਭਾਵਾਂ ਨੂੰ ਦਰਸਾਉਣ ਦੇ ਲਈ ਕੀਤੀ ਜਾਂਦੀ ਸੀ।

**ਆਇਤ 19.** ਫਿਰ ਲੋਕਾਂ ਨੇ ਪੁੱਛਿਆ, **ਅਸੀਂ ਤੁਹਾਡੇ ਅੱਗੇ ਕਿਉਂ ਨਾਸ ਹੋਈਏ ਅਸੀਂ ਵੀ ਅਰ ਸਾਡੀ ਜ਼ਮੀਨ ਵੀ**। ਹੋਰਨਾਂ ਸ਼ਬਦਾਂ ਵਿਚ, ਉਹ ਕਹਿ ਰਹੇ ਸਨ ਕਿ ਜੇਕਰ ਉਹ ਸਾਰੇ ਨਾਸ ਹੋ ਗਏ ਤਾਂ ਯੂਸੁਫ਼ ਜਾਂ ਫ਼ਿਰਊਨ ਨੂੰ ਕੋਈ ਫਾਇਦਾ ਨਹੀਂ ਹੋਵੇਗਾ। ਇਸ ਲਈ, ਉਨ੍ਹਾਂ ਨੇ ਪ੍ਰਸਤਾਵ ਦਿੱਤਾ, **ਸਾਨੂੰ ਅਰ ਸਾਡੀ ਜ਼ਮੀਨ ਨੂੰ ਰੋਟੀ ਦੇ ਬਦਲੇ ਮੁੱਲ ਲੈ ਲਓ। ਅਸੀਂ ਆਪਣੀ ਜ਼ਮੀਨ ਸਣੇ ਫ਼ਿਰਊਨ ਦੇ ਦਾਸ ਹੋਵਾਂਗੇ ਪਰ ਸਾਨੂੰ ਬੀ ਦਿਓ ਜੋ ਅਸੀਂ ਜੀਵੀਏ ਅਰ ਮਰੀਏ ਨਾ ਅਤੇ ਜ਼ਮੀਨ ਉੱਜੜ ਨਾ ਜਾਵੇ**। ਇਹ ਮਿਸਰ ਦੇ ਲੋਕਾਂ ਦੀ ਗੰਭੀਰ ਦੁਰਦਸ਼ਾ ਦੀ ਤਸਵੀਰ ਸੀ: ਉਹ ਜੀ ਸਕਣ ਦੇ ਲਈ ਆਪਣੇ ਆਪ ਨੂੰ ਅਤੇ ਆਪਣੀਆਂ ਜ਼ਮੀਨਾਂ ਨੂੰ ਫ਼ਿਰਊਨ ਦੇ ਹੱਥ ਵਿਚ ਦੇਣ ਦੇ ਲਈ ਤਿਆਰ ਸਨ, ਭਾਵੇਂ ਇਸ ਦਾ ਅਰਥ ਗੁਲਾਮਾਂ ਵਾਲਾ ਜੀਵਨ ਗੁਜ਼ਾਰਨਾ ਹੀ ਕਿਉਂ ਨਾ ਹੋਵੇ। "ਬੀਜ" ਦੇ ਲਈ ਉਨ੍ਹਾਂ ਦੀ ਬੇਨਤੀ ਅਕਾਲ ਦੇ ਅੰਤ ਅਤੇ ਫ਼ਸਲ ਦੇ ਉਗਾਉਣ ਦੀ ਆਸਾ ਦਾ ਇਸ਼ਾਰਾ ਕਰਦੀ ਹੈ।

## ਯੂਸੁਫ਼ ਦੁਆਰਾ ਇੱਕ ਨਵੇਂ ਸ਼ਾਹੀ ਟੈਕਸ ਦੀ ਸਥਾਪਨਾ (47:20-26)

**[20]ਤਾਂ ਯੂਸੁਫ਼ ਨੇ ਮਿਸਰ ਦੀ ਸਾਰੀ ਜ਼ਮੀਨ ਫ਼ਿਰਊਨ ਲਈ ਮੁੱਲ ਲੈ ਲਈ ਕਿਉਂਜੋ ਮਿਸਰੀਆਂ ਵਿੱਚੋਂ ਸਭਨਾਂ ਨੇ ਆਪੋ ਆਪਣੇ ਖੇਤ ਏਸ ਕਰਕੇ ਵੇਚ ਦਿੱਤੇ ਭਈ ਕਾਲ ਨੇ ਉਨ੍ਹਾਂ ਨੂੰ ਡਾਢਾ ਜਿੱਚ ਕੀਤਾ ਸੀ ਸੋ ਉਹ ਧਰਤੀ ਫ਼ਿਰਊਨ ਦੀ ਹੋ ਗਈ। [21]ਤਾਂ ਉਸ ਨੇ ਉਨ੍ਹਾਂ ਲੋਕਾਂ ਨੂੰ ਮਿਸਰ ਦੀ ਇੱਕ ਹੱਦ ਤੋਂ ਦੂਜੀ ਹੱਦ ਤੀਕ ਨੱਗਰਾਂ ਵਿੱਚ ਇਕੱਠਾ ਕੀਤਾ। [22]ਕੇਵਲ ਪੁਜਾਰੀਆਂ ਦੀ**

**ਜ਼ਮੀਨ ਮੁੱਲ ਨਾ ਲਈ ਕਿਉਂਜੋ ਪੁਜਾਰੀਆਂ ਨੂੰ ਫ਼ਿਰਊਨ ਵੱਲੋਂ ਸ਼ਾਹੀ ਰਸਤ ਮਿਲਦੀ ਸੀ ਅਰ ਉਨ੍ਹਾਂ ਨੇ ਆਪਣੀ ਸ਼ਾਹੀ ਰਸਤ ਵਿੱਚੋਂ ਜੋ ਫਿਰਊਨ ਨੇ ਉਨ੍ਹਾਂ ਨੂੰ ਦਿੱਤੀ ਹੋਈ ਸੀ ਖਾਧਾ ਏਸ ਕਾਰਨ ਉਨ੍ਹਾਂ ਨੇ ਆਪਣੀ ਜ਼ਮੀਨ ਨਾ ਵੇਚੀ। [23]ਤਾਂ ਯੂਸੁਫ਼ ਨੇ ਲੋਕਾਂ ਨੂੰ ਆਖਿਆ, ਵੇਖੋ ਮੈਂ ਤੁਹਾਨੂੰ ਅਰ ਤੁਹਾਡੀ ਜ਼ਮੀਨ ਨੂੰ ਅੱਜ ਦੇ ਦਿਨ ਫ਼ਿਰਊਨ ਲਈ ਮੁੱਲ ਲਿਆ ਹੈ। [24]ਵੇਖੋ ਬੀ ਤੁਹਾਡੇ ਲਈ ਹੈ। ਜ਼ਮੀਨ ਬੀਜੋ। ਅਰ ਐਉਂ ਹੋਵੇਗਾ ਕਿ ਫਸਲਾਂ ਉੱਤੇ ਪੰਜਵਾਂ ਹਿੱਸਾ ਤੁਹਾਨੂੰ ਫ਼ਿਰਊਨ ਨੂੰ ਦੇਣਾ ਪਵੇਗਾ ਅਤੇ ਤੁਹਾਡੇ ਚਾਰ ਹਿੱਸੇ ਖੇਤ ਦੇ ਬੀ ਲਈ ਅਰ ਤੁਹਾਡੇ ਖਾਣ ਲਈ ਅਰ ਤੁਹਾਡੇ ਘਰਾਣੇ ਅਰ ਤੁਹਾਡੇ ਨਿਆਣਿਆਂ ਦੇ ਖਾਣ ਲਈ ਹੋਣਗੇ। [25]ਉਨ੍ਹਾਂ ਆਖਿਆ, ਤੁਸਾਂ ਸਾਡੀਆਂ ਜਾਨਾਂ ਬਚਾਈਆਂ ਹਨ। ਸਾਡੇ ਸਵਾਮੀ ਦੀ ਆਪਣੇ ਦਾਸਾਂ ਉੱਤੇ ਦਯਾ ਦੀ ਨਿਗਾਹ ਹੋਵੇ ਤਾਂ ਅਸੀਂ ਫ਼ਿਰਊਨ ਦੇ ਦਾਸ ਹੋਵਾਂਗੇ। [26]ਸੋ ਯੂਸੁਫ਼ ਨੇ ਮਿਸਰ ਦੀ ਜ਼ਮੀਨ ਲਈ ਉਹ ਕਨੂੰਨ ਜਿਹੜਾ ਅੱਜ ਦੇ ਦਿਨ ਤੀਕ ਹੈ ਠਹਿਰਾਇਆ ਭਈ ਪੰਜਵਾਂ ਹਿੱਸਾ ਫ਼ਿਰਊਨ ਦਾ ਹੋਵੇ ਪਰ ਕੇਵਲ ਪੁਜਾਰੀਆਂ ਦੀ ਜ਼ਮੀਨ ਉਨ੍ਹਾਂ ਦੀ ਹੀ ਰਹੀ। ਓਹ ਫ਼ਿਰਊਨ ਦੀ ਨਾ ਹੋਈ।**

**ਆਇਤਾਂ 20-22.** ਇਹ ਆਇਤਾਂ **ਯੂਸੁਫ਼** ਲੋਕਾਂ ਦੇ ਪ੍ਰਸਤਾਵ ਦੇ ਸਿੱਟਿਆਂ ਦਾ ਸਾਰ ਦਿੰਦੀਆਂ ਹਨ। ਉਸ ਨੇ ਮਿਸਰ ਦੀ ਸਾਰੀ ਜ਼ਮੀਨ ਫ਼ਿਰਊਨ ਲਈ ਮੁੱਲ ਲੈ ਲਈ ਕਿਉਂਕਿ ਮਿਸਰੀਆਂ ਵਿੱਚੋਂ [ਸਭ] ਨੇ ਆਪਣਾ ਖੇਤ ਨਿਰਾਸ਼ ਹੋ ਕੇ ਵੇਚ ਦਿੱਤਾ, ਕਿਉਂਕਿ ਕਾਲ ਨੇ ਉਨ੍ਹਾਂ ਨੂੰ ਡਾਢਾ ਜਿੱਚ ਕੀਤਾ ਸੀ। ਸਿੱਟੇ ਵਜੋਂ, ਉਹ ਧਰਤੀ ਫ਼ਿਰਊਨ ਦੀ ਹੋ ਗਈ (47:20)। ਅਗਲਾ ਬਿਆਨ ਵਿਚ ਇਹ ਵਿਆਖਿਆ ਕੀਤੀ ਜਾਣੀ ਚਾਹੀਦੀ ਹੈ ਕਿ ਰਾਜੇ ਦੁਆਰਾ ਮਿਸਰ ਦੀ ਸਾਰੀ ਜ਼ਮੀਨ ਨੂੰ ਖਰੀਦ ਲੈਣ ਤੋਂ ਬਾਅਦ ਕੀ ਹੋਇਆ ਸੀ: NASB ਦੇ ਅਨੁਸਾਰ, ਉਸ ਨੇ ਮਿਸਰੀ ਲੋਕਾਂ ਨੂੰ ਮਿਸਰ ਦੀ ਇੱਕ ਹੱਦ ਤੋਂ ਦੂਜੀ ਹੱਦ ਤੀਕ ਨੱਗਰਾਂ ਵਿੱਚ ਇਕੱਠਾ ਕੀਤਾ (47:21; 47:23, 24 ਤੇ ਟਿੱਪਣੀਆਂ ਵੇਖੋ)। ਦੂਜੇ ਪਾਸੇ, ਯੂਸੁਫ਼ ਦੇ ਹੁਕਮ ਦੇ ਨਾਲ ਪੁਜਾਰੀਆਂ ਨੂੰ ਕੋਈ ਫਰਕ ਨਹੀਂ ਪਿਆ; ਉਸ ਨੇ ਪੁਜਾਰੀਆਂ ਦੀ ਜ਼ਮੀਨ ਮੁੱਲ ਨਾ ਲਈ ਕਿਉਂਕਿ ਉਨ੍ਹਾਂ ਨੂੰ ਫ਼ਿਰਊਨ ਵੱਲੋਂ ਰਸਤ ਮਿਲਦੀ ਸੀ (47:22)। ਇਸ ਲਈ, ਉਨ੍ਹਾਂ ਨੇ ਉਸ ਵਿਸ਼ੇਸ਼ ਰਸਤ ਵਿਚੋਂ ਖਾਧਾ ਅਤੇ ਉਨ੍ਹਾਂ ਨੇ ਕਿਸੇ ਵੀ ਮਜਬੂਰੀ ਦੇ ਕਾਰਣ ਆਪਣੀ ਜ਼ਮੀਨ ਨਾ ਵੇਚੀ।[13]

**ਆਇਤਾਂ 23, 24.** ਇਬਰਾਨੀ ਲਿਖਤ ਵਿਚ, 47:21 ਵਿਚ ਲਿਖਿਆ ਹੈ, ਯੂਸੁਫ਼ ਨੇ ਮਿਸਰ ਦੇ ਆਮ ਲੋਕਾਂ ਕੋਲੋਂ ਸਾਰੀ ਜ਼ਮੀਨ ਖਰੀਦ ਲੈਣ ਤੋਂ ਬਾਅਦ, ਉਸ ਨੇ ਮਿਸਰੀ ਲੋਕਾਂ ਨੂੰ ਮਿਸਰ ਦੀ ਇੱਕ ਹੱਦ ਤੋਂ ਦੂਜੀ ਹੱਦ ਤੀਕ ਨੱਗਰਾਂ ਵਿੱਚ ਇਕੱਠਾ ਕੀਤਾ। ਪਰ, ਇਹ 47:23 ਦਾ ਉਲਟ ਜਾਪਦਾ ਹੈ, ਜੋ ਦੱਸਦੀ ਹੈ ਕਿ ਕਿਵੇਂ **ਯੂਸੁਫ਼** ਨੇ ਲੋਕਾਂ ਨੂੰ **ਬੀ** ਦਿੱਤਾ ਅਤੇ ਉਨ੍ਹਾਂ ਨੂੰ ਹੁਕਮ ਦਿੱਤਾ ਕਿ **ਜ਼ਮੀਨ ਬੀਜੋ**। ਵਾਢੀ ਦੇ ਸਮੇਂ, ਉਨ੍ਹਾਂ ਨੇ **ਪੰਜਵਾਂ ਹਿੱਸਾ ਪੰਜਵਾਂ ਹਿੱਸਾ ਫ਼ਿਰਊਨ ਨੂੰ ਦੇਣਾ** ਸੀ, ਪਰ ਬਾਕੀ ਹਿੱਸੇ **ਖੇਤ ਦੇ ਬੀ ਲਈ ਅਰ ਤੁਹਾਡੇ ਖਾਣ ਲਈ ਅਰ ਤੁਹਾਡੇ ਘਰਾਣੇ ਅਰ ਤੁਹਾਡੇ ਨਿਆਣਿਆਂ ... ਹੋਣਗੇ**।

ਫ਼ਿਰਊਨ ਦੇ ਲਈ ਜ਼ਮੀਨ ਖਰੀਦਣ ਤੋਂ ਬਾਅਦ ਯੂਸੁਫ਼ ਨੇ ਕੀ ਕੀਤਾ ਸੀ? ਕੀ ਉਸ ਨੇ ਸਾਰੇ ਲੋਕਾਂ ਨੂੰ ਉਨ੍ਹਾਂ ਦੇ ਸ਼ਹਿਰਾਂ ਵਿਚੋਂ ਬਾਹਰ ਕੱਢ ਦਿੱਤਾ ਸੀ (47:21)? ਜੇਕਰ ਅਜਿਹਾ ਹੈ, ਤਾਂ ਉਸ ਨੇ ਉਨ੍ਹਾਂ ਨੂੰ ਬੀਜ ਅਤੇ ਫ਼ਸਲ ਉਗਾਉਣ ਅਤੇ ਵਾਢੀ ਕਰਨ ਦਾ ਹੁਕਮ ਕਿਉਂ ਦਿੱਤਾ ਕਿ ਉਹ ਆਪਣੇ ਘਰਾਣੇ ਦੇ ਲੋਕਾਂ ਦੇ ਲਈ ਭੋਜਨ ਉਪਲੱਬਧ ਕਰਵਾ ਸਕਣ? ਇੱਕ ਕਾਨੂੰਨ ਦੇ ਤੌਰ ਤੇ, ਮਾਸੋਰੇਟਿਕ ਟੈਕਸਟ (MT) ਹੋਰਨਾਂ ਪ੍ਰਾਚੀਨ ਗਵਾਹਾਂ ਦੀ ਤੁਲਨਾ ਵਿਚ ਵਧੇਰੇ ਸਟੀਕ ਸਮਝ ਪ੍ਰਦਾਨ ਕਰਦਾ ਹੈ; ਪਰ ਇਹ ਸਪੱਸ਼ਟ ਤੌਰ ਤੇ 47:21 ਦਾ ਮਾਮਲਾ ਨਹੀਂ ਹੈ। MT ਦਾ ਅਨੁਵਾਦ ਕਰਨ ਦੀ ਬਜਾਇ, NIV ਸਮਾਰੀਟਨ ਪੈਂਟਾਟਿਊਕ ਅਤੇ LXX ਇਸ ਆਇਤ ਦੀ ਲਿਖਤ ਨੂੰ ਦਰਸਾਉਂਦਾ ਹੈ। ਇਹ ਪ੍ਰਾਚੀਨ ਸੋਮੇ ਲੋਕਾਂ ਨੂੰ ਸ਼ਹਿਰਾਂ ਵਿਚ ਭੇਜਣ ਦੇ ਵਿਸ਼ੇ ਵਿਚ

ਕੁਝ ਵੀ ਨਹੀਂ ਕਹਿੰਦੇ ਹਨ। ਇਸ ਦੇ ਉਲਟ, ਉਹ ਕਹਿੰਦੇ ਹਨ, "ਯੂਸੁਫ਼ ਨੇ ਮਿਸਰ ਦੇ ਇੱਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤੱਕ ਲੋਕਾਂ ਨੂੰ ਗੁਲਾਮ ਬਣਾ ਲਿਆ।"[14] ਆਖਰੀ ਸਿੱਟਾ ਇਹ ਸੀ ਕਿ ਮਿਸਰੀ ਕਿਰਾਏਦਾਰ ਦੀ ਧਰਤੀ ਤੇ ਰਹਿਣ ਵਾਲੇ ਭਾੜੇ ਦੇ ਮਜ਼ਦੂਰ ਬਣ ਗਏ। ਉਨ੍ਹਾਂ ਨੇ ਉਸ ਨੂੰ 20 ਪ੍ਰਤੀਸ਼ਤ ਦੇਣਾ ਸੀ ਅਤੇ 80 ਪ੍ਰਤੀਸ਼ਤ ਆਪਣੇ ਆਪ ਦੇ ਲਈ ਰੱਖਣਾ ਸੀ।

**ਆਇਤ 25.** ਜੇਕਰ ਯੂਸੁਫ਼ ਨੇ ਸਾਰੇ ਲੋਕਾਂ ਨੂੰ ਸ਼ਹਿਰਾਂ ਵਿਚ ਭੇਜ ਦਿੱਤਾ ਸੀ, ਤਾਂ ਜਿੱਥੇ ਉਹ ਬੇਘਰੇ ਭਿਖਾਰੀ ਹੋਣਗੇ, ਉੱਥੇ ਉਹ ਇਹ ਕਹਿੰਦੇ ਹੋਏ ਉਸ ਦੀ ਪ੍ਰਸ਼ੰਸਾ ਨਹੀਂ ਕਰ ਸਕਣਗੇ, **ਤੁਸਾਂ ਸਾਡੀਆਂ ਜਾਨਾਂ ਬਚਾਈਆਂ ਹਨ।** ਅਤੇ ਆਪਣੇ ਆਪ ਨੂੰ **ਫ਼ਿਰਊਨ ਦੇ ਦਾਸ** ਹੋਣ ਲਈ ਪੇਸ਼ ਨਹੀਂ ਕਰ ਸਕਣਗੇ। ਕੀ ਕਦੀ ਕਿਸੇ ਨੇ ਲੋਕਾਂ ਨੂੰ ਇਸ ਗੱਲ ਲਈ ਅਨੰਦ ਮਨਾਉਂਦੇ ਹੋਏ ਸੁਣਿਆ ਹੈ ਕਿ ਉਨ੍ਹਾਂ ਨੂੰ ਆਪਣੇ ਰਾਜੇ ਦੇ ਗੁਲਾਮ ਬਣਾ ਲਿਆ ਗਿਆ ਸੀ? ਇਸ ਪ੍ਰਕਾਰ ਦੀ ਪ੍ਰਕਿਰਿਆ ਨਿਸ਼ਚਤ ਤੌਰ ਤੇ ਪੂਰੇ ਇਤਹਾਸ ਵਿਚ ਗੁਲਾਮੀ ਦੀ ਵਿਸ਼ੇਸ਼ਤਾ ਨਹੀਂ ਰਹੀ ਹੈ, ਅਤੇ ਇਸ ਨੇ ਕੁਝ ਲੇਖਕਾਂ ਨੂੰ ਅਕਾਲ ਦੇ ਦੌਰਾਨ ਮਿਸਰ ਦੇ ਲੋਕਾਂ ਦੇ ਨਾਲ ਵਿਹਾਰ ਕਰਨ ਦੇ ਤਰੀਕੇ ਦੇ ਮੁਲਾਂਕਣ ਵਿਚ ਬਹੁਤ ਜ਼ਿਆਦਾ ਨਾਕਾਰਾਤਮਕ ਬਣਾ ਦਿੱਤਾ ਹੈ। ਉਸ ਦੇ ਉੱਤੇ ਉਸ ਦੇ ਪਾਖੰਡੀ ਹੋਣ ਦਾ ਦੋਸ਼ ਲਗਾਇਆ ਗਿਆ ਹੈ। ਸਭ ਤੋਂ ਪਹਿਲਾਂ, ਉਸ ਨੇ ਆਪਣੇ ਪਰਿਵਾਰ ਦੇ ਲਈ ਫ਼ਿਰਊਨ ਦੇ ਕੋਲੋਂ ਕੁੱਝ ਉੱਤਮ ਜ਼ਮੀਨ ਪ੍ਰਾਪਤ ਕਰਨ, ਬਹੁਤ ਸਾਰੀ ਰਸਦ ਲੈਣ, ਆਪਣੇ ਪਸ਼ੂਆਂ ਨੂੰ ਰੱਖਣ, ਅਤੇ ਆਜ਼ਾਦ ਲੋਕਾਂ ਦੇ ਰੂਪ ਵਿਚ ਮਿਸਰ ਵਿਚ ਰਹਿਣ ਦੇ ਸਾਰੇ ਪ੍ਰਬੰਧ ਕੀਤੇ। ਦੂਸਰਾ, ਉਸ ਨੇ ਮਿਸਰੀਆਂ ਦੇ ਕੋਲੋਂ ਅਨਾਜ ਦੇ ਬਦਲੇ ਸਾਰਾ ਪੈਸਾ ਲੈ ਲਿਆ; ਅਤੇ ਉਨ੍ਹਾਂ ਦਾ ਪੈਸਾ ਚਲੇ ਜਾਣ ਤੋਂ ਬਾਅਦ, ਉਸ ਨੇ ਉਨ੍ਹਾਂ ਦੇ ਸਾਰੇ ਪਸ਼ੂ ਲੈ ਲਏ। ਆਖਿਰਕਾਰ, ਉਸ ਨੇ ਉਨ੍ਹਾਂ ਦੀਆਂ ਜ਼ਮੀਨਾਂ ਲੈ ਲਈਆਂ ਅਤੇ ਉਨ੍ਹਾਂ ਨੂੰ ਗੁਲਾਮ ਬਣਾ ਲਿਆ, ਉਨ੍ਹਾਂ ਦੀ ਆਜ਼ਾਦੀ ਨੂੰ ਖਤਮ ਕਰ ਦਿੱਤਾ।[15]

ਪ੍ਰਾਚੀਨ ਬਾਈਬਲ ਦੀ ਦੁਨੀਆਂ ਵਿਚ ਗੁਲਾਮੀ ਬੇਸਹਾਰਾ ਦੇਣਦਾਰਾਂ ਦੀ ਮਦਦ ਕਰਨ ਦਾ ਇੱਕ ਸਵੀਕਾਰਯੋਗ ਅਤੇ ਲਾਭਦਾਇਕ ਤਰੀਕਾ ਸੀ। ਜੇਕਰ ਉਹ ਇੱਕ ਦਿਆਲੂ ਮਾਲਕ ਦੇ ਈਮਾਨਦਾਰ ਅਤੇ ਮੇਹਨਤੀ ਨੌਕਰ ਹੁੰਦੇ ਸੀ, ਤਾਂ ਉਹ ਚੰਗੇ ਅਤੇ ਆਰਾਮਦਾਇਕ ਜੀਵਨ ਗੁਜ਼ਾਰ ਸਕਦੇ ਸਨ। ਪੋਟੀਫ਼ਰ ਦੇ ਘਰ ਵਿਚ ਯੂਸੁਫ਼ ਦੀ ਸਥਿਤੀ ਇਸੇ ਪ੍ਰਕਾਰ ਦੀ ਸੀ ਜਦੋਂ ਤੱਕ ਉਸ ਦੇ ਮਾਲਕ ਦੀ ਪਤਨੀ ਨੇ ਉਸ ਦੇ ਉੱਤੇ ਝੂਠਾ ਦੋਸ਼ ਨਹੀਂ ਲਾਇਆ ਸੀ (39:1-5)। ਇੰਝ ਜਾਪਦਾ ਹੈ ਜਿਵੇਂ ਅਬਰਾਹਾਮ ਦੇ ਘਰ ਵਿਚ ਪੈਦਾ ਹੋਏ 318 ਲੋਕਾਂ ਦੇ ਨਾਲ ਉਸ ਦਾ ਚੰਗਾ ਸੰਬੰਧ ਰਿਹਾ ਸੀ (14:14), ਅਤੇ ਖਾਸ ਤੌਰ ਤੇ ਉਸ ਦੇ ਸਭ ਤੋਂ ਵਫ਼ਾਦਾਰ ਨੌਕਰ/ਦਾਸ[16] ਦੇ ਨਾਲ ਜਿਸ ਨੂੰ ਉਸ ਨੇ ਹਾਰਾਨ ਵਿਚ ਭੇਜਿਆ ਸੀ ਤਾਂਕਿ ਇਸਹਾਕ ਦੇ ਲਈ ਪਤਨੀ ਨੂੰ ਖੋਜ ਲਿਆਵੇ (24:1-67)। ਬਾਅਦ ਵਿਚ, ਮੂਸਾ ਦੀ ਸ਼ਰਾ ਦੇ ਤਹਿਤ, ਇੱਕ ਵਿਅਕਤੀ ਆਪਣਾ ਕਰਜ਼ਾ ਅਦਾ ਕਰਨ ਦੇ ਲਈ ਆਪਣੇ ਆਪ ਨੂੰ ਛੇ ਸਾਲਾਂ ਦੇ ਲਈ ਵੇਚ ਸਕਦਾ ਸੀ। ਇੱਕ ਅਸਥਾਈ ਦਾਸ ਆਜ਼ਾਦੀ ਹਾਸਲ ਕਰਨ ਦੀ ਬਜਾਇ ਸਥਾਈ ਦਾਸ ਬਣਨਾ ਚੁਣ ਸਕਦਾ ਸੀ। ਅਜਿਹੇ ਪ੍ਰਬੰਧ ਨੇ ਮਨੁੱਖਾਂ ਨੂੰ – ਆਜ਼ਾਦੀ ਦੀ ਬਜਾਇ ਗੁਲਾਮੀ ਦੀ ਹਾਲਤ ਵਿਚ ਆਪਣੇ ਆਪ ਅਤੇ ਆਪਣੇ ਪਰਿਵਾਰ ਦੇ ਲਈ ਵਧੇਰੇ ਸੁਰੱਖਿਅਤ ਆਰਥਿਕ ਸੁਰੱਖਿਆ ਪ੍ਰਦਾਨ ਕੀਤੀ ਸੀ (ਕੂਚ 21:1-6; ਬਿਵਸਥਾ ਸਾਰ 15:12-17)।[17]

**ਆਇਤ 26. ਯੂਸੁਫ਼** ਦੇ ਅਧੀਨ, ਗੁਲਾਮੀ ਨੇ ਮਿਸਰ ਦੇ ਲੋਕਾਂ ਨੂੰ ਜ਼ਮੀਨ ਵਿਚ ਖੇਤੀ ਕਰਨ ਅਤੇ ਫਸਲ ਦਾ 80 ਪ੍ਰਤੀਸ਼ਤ ਆਪਣੇ ਕੋਲ ਰੱਖਣ ਦੀ ਇਜਾਜ਼ਤ ਦਿੱਤੀ। ਇਹ ਉਸ ਤਰ੍ਹਾਂ ਦੀ ਗੁਲਾਮੀ ਨਹੀਂ ਸੀ ਜਿਸ ਦਾ ਇਸਰਾਏਲੀਆਂ ਨੇ ਕੂਚ ਕਰਨ ਤੋਂ ਪਹਿਲਾਂ ਅਨੁਭਵ ਕੀਤਾ ਸੀ। ਇਹ ਲੋਕ ਯੂਸੁਫ਼ ਨੂੰ ਆਪਣਾ ਦਿਆਲੂ ਮੁਕਤੀਦਾਤਾ ਮੰਨਦੇ ਸਨ। ਇਸ ਲਈ, ਇਸ ਲਈ, ਯੂਸੁਫ਼

ਨੇ ਆਪਣੀ ਉਦਾਰ ਨੀਤਿ ਨੂੰ ਕਨੂੰਨ **ਠਹਿਰਾਇਆ**। ਲੇਖਕ ਦੇ ਅਨੁਸਾਰ, ਇਹ **ਅੱਜ ਦੇ ਦਿਨ ਤੀਕ ਮਿਸਰ ਦੀ ਜ਼ਮੀਨ** ਤੇ ਲਾਗੂ ਹੈ। ਅਜਿਹੇ ਸ਼ਬਦ-ਜੋੜ ਤੋਂ ਪਤਾ ਲੱਗਦਾ ਹੈ ਕਿ **ਫ਼ਿਰਊਨ** ਨੂੰ **ਪੰਜਵਾਂ ਹਿੱਸਾ** ਦੇਣ ਦੀ ਯੂਸੁਫ਼ ਦੀ ਨੀਤੀ ਇੱਕ ਲੰਬੇ ਸਮੇਂ ਤੱਕ ਜਾਰੀ ਰਹੀ। ਮਿਸਰ ਦੇ ਲੋਕਾਂ ਦੇ ਲਈ ਇਸ ਨੀਤਿ ਦਾ ਅਪਵਾਦ **ਕੇਵਲ ਪੁਜਾਰੀਆਂ ਦੀ ਜ਼ਮੀਨ** ਸੀ, ਜੋ **ਫ਼ਿਰਊਨ ਦੀ ਨਾ ਹੋਈ**।

## ਯਾਕੂਬ ਦੁਆਰਾ ਉਸ ਨੂੰ ਮਕਫੇਲਾ ਦੀ ਗੁਫਾ ਵਿਚ ਦਫਨਾਏ ਜਾਣ ਦੀ ਬੇਨਤੀ (47:27-31)

**27ਤਾਂ ਇਸਰਾਏਲੀ ਮਿਸਰ ਦੀ ਧਰਤੀ ਅਰਥਾਤ ਗੋਸ਼ਨ ਦੀ ਧਰਤੀ ਵਿੱਚ ਰਹੇ ਅਰ ਉਨ੍ਹਾਂ ਨੇ ਉੱਥੇ ਮਿਲਖ ਪਰਾਪਤ ਕੀਤੀ ਅਤੇ ਉੱਥੇ ਓਹ ਬਹੁਤ ਹੀ ਫਲੇ ਅਰ ਵਧੇ। 28ਅਰ ਯਾਕੂਬ ਮਿਸਰ ਦੇ ਦੇਸ ਵਿੱਚ ਸਤਾਰਾਂ ਵਰਹੇ ਜੀਵਿਆ ਸੋ ਯਾਕੂਬ ਦੀ ਸਾਰੀ ਉਮਰ ਇੱਕ ਸੌ ਸੰਤਾਲੀ ਵਰਿਹਾਂ ਦੀ ਹੋਈ। 29ਤਾਂ ਇਸਰਾਏਲ ਦੇ ਮਰਨ ਦੇ ਦਿਨ ਨੇੜੇ ਆਏ ਸੋ ਉਸ ਆਪਣੇ ਪੁੱਤ੍ਰ ਯੂਸੁਫ਼ ਨੂੰ ਬੁਲਾ ਕੇ ਆਖਿਆ, ਹੁਣ ਜੇ ਮੇਰੇ ਉੱਤੇ ਤੇਰੀ ਦਯਾ ਦੀ ਨਿਗਾਹ ਹੈ ਤਾਂ ਤੂੰ ਆਪਣਾ ਹੱਥ ਮੇਰੇ ਪੱਟ ਹੇਠ ਰੱਖ ਅਰ ਕਿਰਪਾ ਅਰ ਸਚਿਆਈ ਨਾਲ ਮੇਰੇ ਸੰਗ ਵਰਤੀਂ। 30ਮੈਨੂੰ ਮਿਸਰ ਵਿੱਚ ਨਾ ਦੱਬੀਂ। ਪਰ ਜਦ ਮੈਂ ਆਪਣੇ ਪਿਓ ਦਾਦਿਆਂ ਨਾਲ ਲੇਟ ਜਾਵਾਂ ਤਾਂ ਤੂੰ ਮੈਨੂੰ ਮਿਸਰ ਤੋਂ ਬਾਹਰ ਲੈ ਜਾਵੀਂ ਅਰ ਉਨ੍ਹਾਂ ਦੇ ਕਬਰਿਸਤਾਨ ਵਿੱਚ ਮੈਨੂੰ ਦੱਬੀਂ ਤਾਂ ਉਸ ਆਖਿਆ, ਮੈਂ ਤੇਰੇ ਆਖਣ ਦੇ ਅਨੁਸਾਰ ਕਰਾਂਗਾ। 31ਅਤੇ ਉਸ ਆਖਿਆ, ਮੇਰੇ ਨਾਲ ਸੌਂਹ ਖਾਹ ਤਾਂ ਉਸ ਨੇ ਉਸ ਦੇ ਨਾਲ ਸੌਂਹ ਖਾਧੀ ਅਤੇ ਇਸਰਾਏਲ ਆਪਣੇ ਮੰਜੇ ਦੇ ਸਰਹਾਣੇ ਉੱਤੇ ਨਿਉਂ ਗਿਆ।**

**ਆਇਤ 27.** ਇੱਥੇ, ਕਹਾਣੀਕਾਰ ਨੇ ਆਪਣੇ ਖਾਤੇ ਵਿਚ ਇਸਰਾਏਲੀ ਲੋਕਾਂ ਦੇ **ਮਿਸਰ ਦੀ ਧਰਤੀ** ਦੇ ਵਿਚ, ਅਤੇ ਖਾਸ ਤੌਰ ਤੇ **ਗੋਸ਼ਨ ਦੀ ਧਰਤੀ ਵਿੱਚ** ਵੱਸਣ ਦੇ ਦੋ ਬਿਆਨਾਂ ਦਾ ਸਾਰ ਦਿੱਤਾ ਹੈ। ਮਿਸਰ ਦੇ ਲੋਕਾਂ ਦੀ ਤੁਲਨਾ ਵਿਚ, ਜੋ ਫ਼ਿਰਊਨ ਦੀ ਧਰਤੀ ਤੇ ਕਿਰਾਏਦਾਰ ਕਿਸਾਨ ਬਣ ਗਏ, ਪਰ ਇਸਰਾਏਲੀ ਵਿਦੇਸੀਆਂ ਨੇ **ਉੱਥੇ ਮਿਲਖ ਪਰਾਪਤ ਕੀਤੀ ਅਤੇ ਉੱਥੇ ਓਹ ਬਹੁਤ ਹੀ ਫਲੇ ਅਰ ਵਧੇ**। ਇਹ ਬਾਅਦ ਦਾ ਬਿਆਨ ਸਪੱਸ਼ਟ ਤੌਰ ਤੇ ਉਸ ਸਮੇਂ ਤੋਂ ਜਦੋਂ ਯਾਕੂਬ ਦੀ ਸੰਤਾਨ ਦੀ ਸੰਖਿਆ ਸਿਰਫ ਸੱਤਰ ਲੋਕ ਸੀ ਸੈਂਕੜੇ ਸਾਲਾਂ ਬਾਅਦ ਲਿਖਿਆ ਗਿਆ ਸੀ (46:27) ਜਦੋਂ ਯਾਕੂਬ ਦੀ ਅੰਸ ਇੰਨੀ ਵਧੀ ਕਿ ਉਹ ਲੋਕਾਂ ਦਾ ਇੱਕ ਰਾਸ਼ਟਰ ਬਣ ਸਕਦੇ ਸਨ (ਕੂਚ 1:7, 20; 12:40), ਜਿਵੇਂ ਪਰਮੇਸ਼ੁਰ ਨੇ ਵਾਇਦਾ ਕੀਤਾ ਸੀ (12:2; 17:4-8; 28:3, 4, 14; 35:11)। ਯਾਕੂਬ ਅਤੇ ਉਸ ਦੇ ਪੁੱਤਰਾਂ ਦੇ ਸੰਘਰਸ਼, ਈਰਖਾ, ਪਾਪਾਂ, ਅਤੇ ਅਪਰਾਧਾਂ ਦੇ ਬਾਵਜੂਦ, ਪਰਮੇਸ਼ੁਰ ਨੇ ਆਪਣੀ ਕਿਰਪਾ ਦੇ ਦੁਆਰਾ ਉਨ੍ਹਾਂ ਦੇ ਦੁਆਰਾ ਸੰਸਾਰ ਦੇ ਸਾਰੇ ਘਰਾਣਿਆਂ ਦੇ ਉੱਤੇ ਵਾਇਦਾ ਕੀਤੀਆਂ ਹੋਈਆਂ ਬਰਕਤਾਂ ਨੂੰ ਵਰਾਉਣਾ ਜਾਰੀ ਰੱਖਿਆ (12:3)।

**ਆਇਤ 28.** ਇਸ ਆਇਤ ਵਿਚ ਪ੍ਰਸੰਗ ਬਦਲਦਾ ਹੈ। ਲੇਖਕ ਯਾਕੂਬ ਦੀ ਉਮਰ ਦੀ ਲੰਬਾਈ ਬਾਰੇ ਇੱਕ ਹੋਰ ਸੰਖੇਪ ਬਿਆਨ ਦੇ ਨਾਲ ਅੱਗੇ ਵਧਿਆ: **ਯਾਕੂਬ ਮਿਸਰ ਦੇ ਦੇਸ ਵਿੱਚ ਸਤਾਰਾਂ ਵਰਹੇ ਜੀਵਿਆ ਸੋ ਯਾਕੂਬ ਦੀ ਸਾਰੀ ਉਮਰ ਇੱਕ ਸੌ ਸੰਤਾਲੀ ਵਰਿਹਾਂ ਦੀ ਹੋਈ।** ਅਸੀਂ ਇਹ ਮੰਨਦੇ ਹਾਂ ਕਿ, ਬਹੁਤ ਸਾਰੇ ਸੰਘਰਸ਼ਾਂ ਅਤੇ ਉਦਾਸੀ ਤੋਂ ਬਾਅਦ, ਆਖਿਰਕਾਰ ਯਾਕੂਬ ਨੇ ਆਪਣੇ ਆਪ ਵਿਚ, ਆਪਣੇ ਪਰਿਵਾਰ, ਅਤੇ ਪਰਮੇਸ਼ੁਰ ਦੇ ਨਾਲ ਸ਼ਾਂਤੀ ਹਾਸਲ ਕੀਤੀ। ਪਰ, ਲੇਖਕ ਨੇ ਯਾਕੂਬ ਦੀਆਂ ਪਿਛਲੇ ਸਤਾਰਾਂ ਸਾਲਾਂ ਦੀਆਂ ਲਗਭਗ ਸਾਰੀਆਂ ਘਟਨਾਵਾਂ ਨੂੰ ਛੱਡ ਦਿੱਤਾ, ਜਿਵੇਂ ਉਸ ਨੇ ਜ਼ਿਆਦਾਤਰ ਸਾਲਾਂ ਦੌਰਾਨ ਕੀਤਾ ਸੀ ਜਦੋਂ ਪੁਰਖਾ ਕਨਾਨ ਵਿਚ ਰਹਿੰਦਾ ਸੀ ਜਦਕਿ ਯੂਸੁਫ਼ ਮਿਸਰ ਵਿਚ ਸੀ।

ਕੁੱਝ ਟਿੱਪਣੀਕਾਰ ਇਸ ਗੱਲ ਨੂੰ ਬਹੁਤ ਹੀ ਅਜੀਬ ਸਮਝਦੇ ਹਨ ਕਿ ਯਾਕੂਬ ਦੀ ਮੌਤ ਦਾ ਹਵਾਲਾ ਉਸ ਦੀ ਮੌਤ ਦੇ ਬਿਆਨ ਤੋਂ ਪਹਿਲਾਂ ਉਸ ਦੇ ਖਾਤੇ ਵਿਚ ਪਾਇਆ ਜਾਂਦਾ ਹੈ (49:33)। ਜਦਕਿ ਇਹ ਕਹਾਣੀਕਾਰ ਦੇ ਬਾਅਦ ਦੇ ਨਮੂਨੇ ਤੋਂ ਬਦਲ ਜਾਂਦਾ ਹੈ ਜਦੋਂ ਉਹ ਅਬਰਾਹਾਮ ਦੀ ਮੌਤ (25:7, 8) ਅਤੇ ਇਸਹਾਕ ਦੀ ਮੌਤ (35:28, 29) ਦੀ ਰਿਪੋਰਟ ਦਿੰਦਾ ਹੈ, ਇੱਥੇ ਘਟਨਾਵਾਂ ਦਾ ਕ੍ਰਮ ਸਹੀ ਜਾਪਦਾ ਹੈ। ਅਧਿਆਇ 47 ਦੱਸਦਾ ਹੈ ਕਿ ਯਾਕੂਬ ਦੇ ਪਰਿਵਾਰ ਦੇ ਭਾਗ ਵਿਚ ਸੀ ਕਿ ਉਹ ਕਈਆਂ ਪੀੜ੍ਹੀਆਂ ਤੱਕ ਮਿਸਰ ਦੇ ਦੇਸ ਵਿਚ ਰਹਿਣਾ ਸੀ, ਅਤੇ ਇਹ ਉਸ ਪ੍ਰਕਾਸ਼ਣ ਦੇ ਅਨੁਸਾਰ ਸੀ ਜੋ 15:13 ਵਿਚ ਪਰਮੇਸ਼ੁਰ ਨੇ ਅਬਰਾਹਾਮ ਨੂੰ ਦਿੱਤਾ ਸੀ। ਦੂਜੇ ਪਾਸੇ, ਯਾਕੂਬ ਦਾ ਆਪਣਾ ਭਾਗ ਉਸ ਦੇਸ ਵਿਚ ਨਹੀਂ ਸੀ। ਮਿਸਰ ਪੁਰਖੇ ਅਤੇ ਉਸ ਦੇ ਪਰਿਵਾਰ ਦਾ ਸੀ ਜੋ ਕਿਸ਼ਤੀ ਸੀ ਉਹ ਨੂਹ ਲਈ ਸੀ: ਬਾਹਰੀ ਤਬਾਹੀ ਤੋਂ ਇੱਕ ਅਸਥਾਈ ਪਨਾਹ। ਇੱਥੋਂ ਤੱਕ ਕਿ ਜੇਕਰ ਉਸ ਨੂੰ ਸਿਰਫ ਹੱਡੀਆਂ ਦੀ ਇੱਕ ਕਬਰ ਦੇ ਦੁਆਰਾ ਹੀ ਦਰਸਾਇਆ ਜਾ ਸਕਦਾ ਹੈ, ਪਰ ਤਾਂ ਵੀ ਯਾਕੂਬ ਚਾਹੁੰਦਾ ਸੀ ਕਿ ਉਹ ਪਰਮੇਸ਼ੁਰ ਦੇ ਮੁਕਤੀ ਦੇ ਕੰਮ ਦਾ ਇੱਕ ਹਿੱਸਾ ਬਣ ਸਕੇ, ਜਿਸ ਦਾ ਨਾਮ ਹੈ, ਆਪਣੇ ਲੋਕਾਂ ਦੀ ਭੂਮੀ ਤੇ ਵਾਪਸ ਪਰਤਣਾ ਜਿਸ ਦਾ ਵਾਇਦਾ ਅਬਰਾਹਾਮ ਅਤੇ ਉਸ ਦੀ ਅੰਸ ਦੇ ਨਾਲ ਕੀਤਾ ਗਿਆ ਸੀ।[18]

**ਆਇਤ 29. ਤਾਂ ਇਸਰਾਏਲ ਦੇ ਮਰਨ ਦੇ ਦਿਨ ਨੇੜੇ ਆਏ ਸੋ ਉਸ ਆਪਣੇ ਪੁੱਤ੍ਰ ਯੂਸੁਫ਼ ਨੂੰ** ਸੱਦਿਆ। ਉਸ ਨੇ ਇੱਕ ਪਿਤਾ ਦੇ ਰੂਪ ਵਿਚ ਉਸ ਨੂੰ ਸੰਬੋਧਤ ਨਹੀਂ ਕੀਤਾ, ਪਰ ਆਪਣੇ ਤੋਂ ਸ੍ਰੇਸ਼ਠ ਦੇ ਰੂਪ ਵਿਚ ਸੰਬੋਧਤ ਕੀਤਾ। ਉਹ ਸਮਝ ਗਿਆ ਸੀ ਕਿ ਉਸ ਦੇ ਪਰਿਵਾਰ ਦਾ ਭਵਿੱਖ ਯੂਸੁਫ਼ ਦੇ ਹੱਥਾਂ ਵਿਚ ਸੀ ਕਿਉਂਕਿ ਉਹ ਸਾਰੇ ਮਿਸਰ ਦੇਸ ਦੇ ਉੱਤੇ ਇੱਕ ਸ਼ਕਤੀਸ਼ਾਲੀ ਸ਼ਾਸਕ ਸੀ। ਇਸ ਨੇ ਇੱਕ ਨਿਮਰ ਤਰੀਕੇ ਦੇ ਨਾਲ ਆਪਣੀ ਬੇਨਤੀ ਨੂੰ ਸ਼ੁਰੂ ਕੀਤਾ: **ਹੁਣ ਜੇ ਮੇਰੇ ਉੱਤੇ ਤੇਰੀ ਦਯਾ ਦੀ ਨਿਗਾਹ ਹੈ ਤਾਂ ਤੂੰ ਆਪਣਾ ਹੱਥ ਮੇਰੇ ਪੱਟ ਹੇਠ ਰੱਖ ਅਰ ਕਿਰਪਾ ਅਰ ਸਚਿਆਈ ਨਾਲ ਮੇਰੇ ਸੰਗ ਵਰਤੀਂ। ਮੈਨੂੰ ਮਿਸਰ ਵਿੱਚ ਨਾ ਦੱਬੀਂ।** ਅਬਰਾਹਾਮ ਦੇ ਮਾਮਲੇ ਵਾਂਗ, ਇੱਕ ਸਹੁੰ ਚੁੱਕਦੇ ਸਮੇਂ ਇਹ ਇੱਕ ਪਵਿੱਤਰ ਕੰਮ ਸੀ (24:2, 3, 9)। ਆਪਣੇ ਮਰਨ ਤੋਂ ਪਹਿਲਾਂ, ਉਹ ਯੂਸੁਫ਼ ਕੋਲੋਂ ਇੱਕ ਵਾਇਦਾ ਚਾਹੁੰਦਾ ਸੀ ਕਿ ਉਸ ਨੂੰ ਮਿਸਰ ਵਿਚ ਦਫ਼ਨਾਇਆ ਨਾ ਜਾਵੇ।

**ਆਇਤ 30.** ਯਾਕੂਬ ਨੇ, ਅੱਗੇ ਕਿਹਾ, **ਪਰ ਜਦ ਮੈਂ ਆਪਣੇ ਪਿਓ ਦਾਦਿਆਂ ਨਾਲ ਲੇਟ ਜਾਵਾਂ ਤਾਂ ਤੂੰ ਮੈਨੂੰ ਮਿਸਰ ਤੋਂ ਬਾਹਰ ਲੈ ਜਾਵੀਂ ਅਰ ਉਨ੍ਹਾਂ ਦੇ ਕਬਰਿਸਤਾਨ ਵਿੱਚ ਮੈਨੂੰ ਦੱਬੀਂ** – ਅਰਥਾਤ, ਮਕਫੇਲਾ ਦੀ ਗੁਫਾ (23:19; 25:9, 10; 49:29-32)। ਉਸ ਨੇ ਆਪਣੇ ਪਿਤਾ ਅਤੇ ਆਪਣੇ ਦਾਦੇ ਇਸਹਾਕ ਅਤੇ ਅਬਰਾਹਾਮ ਦੇ ਪ੍ਰਤਿ ਆਪਣੀ ਵਚਨਬੱਧਤਾ ਦਾ ਸੰਕਤ ਦਿੱਤਾ। ਯੂਸੁਫ਼ ਨੇ ਹੇਠ ਲਿਖੇ ਵਾਇਦੇ ਦੇ ਨਾਲ ਆਪਣੇ ਪਿਤਾ ਨੂੰ ਪ੍ਰਤਿਉੱਤਰ ਦਿੱਤਾ: **ਮੈਂ ਤੇਰੇ ਆਖਣ ਦੇ ਅਨੁਸਾਰ ਕਰਾਂਗਾ।**

**ਆਇਤ 31.** ਯਾਕੂਬ ਦੇ ਲਈ ਇਹੀ ਕਾਫੀ ਨਹੀਂ ਸੀ; ਉਹ ਇੱਕ ਰਸਮੀ ਸਹੁੰ ਚਾਹੁੰਦਾ ਸੀ, ਇਸ ਲਈ **ਉਸ ਆਖਿਆ, ਮੇਰੇ ਨਾਲ ਸੌਂਹ ਖਾਹ**। ਪਾਲਣ ਕਰਨ ਵਿਚ, ਯੂਸੁਫ਼ ਨੇ ਆਪਣਾ ਹੱਥ ਆਪਣਾ ਹੱਥ ਆਪਣੇ ਪਿਤਾ ਦੇ ਪੱਟ ਹੇਠ ਰੱਖਿਆ ਅਤੇ **ਸੌਂਹ ਖਾਧੀ**।

NASB ਕਹਿੰਦਾ ਹੈ, **ਅਤੇ ਇਸਰਾਏਲ ਆਪਣੇ ਮੰਜੇ ਦੇ ਸਰਹਾਣੇ ਉੱਤੇ ਨਿਉਂ ਗਿਆ।** ਸ਼ਬਦ "ਬੰਦਗੀ ਵਿਚ" NASB ਦੇ ਅਨੁਵਾਦਕਾਂ ਦੁਆਰਾ ਅਰਥ ਦੇ ਲਈ ਪੇਸ਼ ਕੀਤੇ ਗਏ ਸਨ। ਫਿਰ ਵੀ, ਇਬਰਾਨੀ ਸ਼ਬਦ (*ਜਾਹ੍ਰਾਖ਼*, *ਸ਼ਾਚਾਹ)* "ਨਿਉਂ ਗਿਆ" ਕਈ ਵਾਰ ਸਨਮਾਨ ਦੇ ਵਿਚ ਮਨੁੱਖਾਂ ਦੇ ਸਾਹਮਣੇ ਝੁੱਕਣ ਦੇ ਲਈ ਵਰਤਿਆ ਜਾਂਦਾ ਹੈ (23:7; 33:3, 6)। ਇਸ ਭਾਸ਼ਾ ਦਾ ਅਰਥ ਇਹ ਹੋ ਸਕਦਾ ਹੈ ਕਿ ਯਾਕੂਬ ਨੇ ਯੂਸੁਫ਼ ਦੇ ਸਾਹਮਣੇ ਨਿਮਰਤਾ ਵਿਖਾਈ, ਜਿਸ ਨੂੰ ਉਸ ਨੇ

ਪਹਿਲਾਂ ਤੋਂ ਹੀ ਆਪਣੇ ਤੋਂ ਸ੍ਰੇਸ਼ਠ ਦੇ ਰੂਪ ਵਿਚ ਪਹਿਚਾਣਿਆ ਸੀ (47:29)। ਆਖਿਰਕਾਰ, ਉਹੀ ਸੀ ਜਿਸ ਨੇ ਆਪਣੇ ਪਿਤਾ ਦੀ ਆਖਰੀ ਇੱਛਾ ਨੂੰ ਪੂਰਾ ਕੀਤਾ ਸੀ। ਜੋ ਲੋਕ ਇਸ ਵਿਆਖਿਆ ਨੂੰ ਸਵੀਕਾਰ ਕਰਦੇ ਹਨ ਉਹ ਉਸ ਨੂੰ 37:9, 10 ਵਿਚਲੇ ਯੂਸੁਫ਼ ਦੇ ਸੁਫਨੇ ਦੀ ਪੂਰਤੀ ਸਵੀਕਾਰ ਕਰਦੇ ਹਨ, ਜਿੱਥੇ ਉਸ ਦਾ ਪਿਤਾ (ਜਿਸ ਨੂੰ ਸੂਰਜ ਦੇ ਦੁਆਰਾ ਦਰਸਾਇਆ ਗਿਆ ਸੀ) ਇੱਕ ਦਿਨ ਉਸ ਦੇ ਸਾਹਮਣੇ ਝੁਕੇਗਾ।

ਦੂਸਰੇ ਪਾਸੇ, *ਸ਼ਾਹਾਹ* ਬੰਦਗੀ ਵਿਚ ਪਰਮੇਸ਼ੁਰ ਦੇ ਸਾਹਮਣੇ ਝੁਕਣ ਨੂੰ ਵੀ ਦਰਸਾ ਸਕਦਾ ਹੈ (22:5; 24:26, 48) ਹੋ ਸਕਦਾ ਹੈ ਕਿ ਯਾਕੂਬ ਨੇ ਧੰਨਵਾਦੀ ਮਨ ਦੇ ਨਾਲ ਪਰਮੇਸ਼ੁਰ ਦੀ ਮਹਿਮਾ ਕੀਤੀ ਹੋਵੇ ਕਿ ਉਸ ਦੀ ਆਖਰੀ ਇੱਛਾ ਪੂਰੀ ਕੀਤੀ ਜਾਵੇਗੀ। LXX ਦੇ ਅਨੁਸਾਰ, ਇਬਰਾਨੀਆਂ ਦਾ ਲੇਖਕ ਨੇ ਸਪੱਸ਼ਟ ਤੌਰ ਤੇ ਪੁਰਖੇ ਦੇ ਕੰਮ ਨੂੰ ਪਰਮੇਸ਼ੁਰ ਦੀ ਬੰਦਗੀ ਦੇ ਇੱਕ ਕੰਮ ਦੇ ਰੂਪ ਵਿਚ ਸਮਝਿਆ ਸੀ। ਉਸ ਨੇ ਲਿਖਿਆ, "ਨਿਹਚਾ ਨਾਲ ਯਾਕੂਬ ਨੇ ਮਰਨ ਲੱਗਿਆਂ ਯੂਸੁਫ਼ ਦੇ ਪੁੱਤ੍ਰਾਂ ਨੂੰ ਇੱਕ ਇੱਕ ਕਰਕੇ ਅਸੀਸ ਦਿੱਤੀ ਅਤੇ ਆਪਣੀ ਲਾਠੀ ਦੇ ਸਿਰੇ ਉੱਤੇ ਮੱਥਾ ਟੇਕਿਆ [προσκυνέω, *ਪ੍ਰੋਸਕੁਨੇਓ]"* (ਇਬਰਾਨੀਆਂ 11:21)।

NASB ਕਹਿੰਦਾ ਹੈ ਕਿ ਯਾਕੂਬ ਨੇ "ਬਿਸਤਰ ਦੇ ਸਿਰਹਾਣੇ" ਉੱਤੇ ਮੱਥਾ ਟੇਕਿਆ ਸੀ। ਮੂਲ ਲਿਖਤ ਵਿਚ ਇਬਰਾਨੀ ਵਿਅੰਜਨ (הטמ, *ਮਥ)* ਦਾ ਅਨੁਵਾਦ "ਮੰਜਾ" (הָטִּמ, *ਮਿਤਾਹ)* ਜਾਂ "ਲਾਠੀ" (הֶטַּמ, *ਮਤੇਹ)* ਵੀ ਕੀਤਾ ਜਾ ਸਕਦਾ ਹੈ, ਜਿਵੇਂ NIV ਵਿਚ ਕੀਤਾ ਗਿਆ ਹੈ। ਦ ਮਾਸੋਰੇਟਿਕ ਗ੍ਰੰਥੀ ਜਿਨ੍ਹਾਂ ਨੇ 800 ਈਸਵੀ ਦੀ ਇਬਰਾਨੀ ਲਿਖਤ ਦੇ ਵੱਲ ਇਸ਼ਾਰਾ ਕੀਤਾ ਸੀ ਉਨ੍ਹਾਂ ਨੇ ਸ਼ਬਦ "ਮੰਜਾ" ਚੁਣਿਆ ਹੈ। ਪਰ, "ਲਾਠੀ" ਦਾ ਇਸਤੇਮਾਲ ਸਾਮਰੀਟਨ ਪੈਂਟਾਟਿਊਕ ਅਤੇ LXX (ῥάβδος, *ਰਾਬਡੋਸ)* ਵਿਚ ਕੀਤਾ ਗਿਆ ਸੀ। ਇਬਰਾਨੀਆਂ 11:21 ਕਹਿੰਦੀ ਹੈ ਕਿ ਜਿਸ ਸਮੇਂ ਉਸ ਨੇ "ਆਪਣੀ ਲਾਠੀ ਦੇ ਸਿਰੇ ਉੱਤੇ ਮੱਥਾ ਟੇਕਿਆ" ਤਾਂ ਉਸ ਨੇ ਬੰਦਗੀ ਕੀਤੀ, ਜੋ LXX ਦੀ ਨਿਰਭਰਤਾ ਨੂੰ ਦਰਸਾਉਂਦਾ ਹੈ।

ਆਇਤ 31 ਦੀ ਸਟੀਕ ਸਮਝ ਦੇ ਬਾਵਜੂਦ, ਇਹ ਸਪੱਸ਼ਟ ਹੈ ਕਿ ਯਾਕੂਬ ਸ਼ਾਂਤੀ ਦੇ ਨਾਲ ਆਪਣੇ ਜੀਵਨ ਦੇ ਅੰਤ ਨੂੰ ਪਹੁੰਚਿਆ। ਉਸ ਦਾ ਪਰਿਵਾਰ ਦੁਬਾਰਾ ਇੱਕ ਹੋ ਗਿਆ ਸੀ, ਅਤੇ ਯਾਕੂਬ ਜਾਣਦਾ ਸੀ ਕਿ ਉਹ ਪਰਮੇਸ਼ੁਰ ਜਿਸ ਦੀ ਬੰਦਗੀ ਉਹ ਕਰਦਾ ਹੈ ਵਫ਼ਾਦਾਰੀ ਦੇ ਨਾਲ ਆਪਣੇ ਵਾਇਦਿਆਂ ਨੂੰ ਉਨ੍ਹਾਂ ਦੇ ਨਾਲ ਪੂਰਾ ਕਰੇਗਾ।

# ਪ੍ਰਾਸੰਗਿਕਤਾ

**ਬੁੱਧ ਦਾ ਰਾਹ (47:1-26)**

ਪਰਮੇਸ਼ੁਰ ਹਮੇਸ਼ਾ ਧਰਤੀ ਅਤੇ ਇਸ ਦੇ ਸਾਰੇ ਜੀਵਾਂ ਤੇ ਮਨੁੱਖ ਦੇ ਯੋਗ ਸ਼ਾਸਨ ਦੇ ਵਿਸ਼ੇ ਵਿਚ ਚਿੰਤਾ ਕਰਦਾ ਆਇਆ ਹੈ। ਆਦਿ ਵਿਚ, ਜਦੋਂ ਪਰਮੇਸ਼ੁਰ ਨੇ ਮਨੁੱਖਜਾਤੀ (ਨਰ ਅਤੇ ਨਾਰੀ) ਨੂੰ ਬਣਾਇਆ, ਤਾਂ ਉਸ ਨੇ ਉਨ੍ਹਾਂ ਨੂੰ ਆਪਣੇ ਸਰੂਪ ਤੇ ਰਚਿਆ। ਉਸ ਨੇ ਕਿਹਾ "ਓਹ ਸਮੁੰਦਰ ਦੀਆਂ ਮੱਛੀਆਂ ਉੱਤੇ ਅਤੇ ਅਕਾਸ਼ ਦਿਆਂ ਪੰਛੀਆਂ ਉੱਤੇ ਅਤੇ ਧਰਤੀ ਪੁਰ ਸਾਰੇ ਘਿੱਸਰਨ ਵਾਲਿਆਂ ਉੱਤੇ ਰਾਜ ਕਰਨ" (1:26)। ਜਦੋਂ "ਪਰਮੇਸ਼ੁਰ ਨੇ ਅਸੀਸ ਦਿੱਤੀ," ਤਾਂ ਉਸ ਨੇ ਕਿਹਾ, "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ ਅਤੇ ਉਹ ਨੂੰ ਆਪਣੇ ਵੱਸ ਵਿੱਚ ਕਰੋ"; ਇਸ ਵਿਚ, ਜਿਵੇਂ ਰਚਨਾ ਦੇ ਖਾਤੇ ਵਿਚ ਸੁਝਾਅ ਦਿੱਤਾ ਗਿਆ ਹੈ, ਸਾਰੇ ਪੌਦਿਆਂ ਅਤੇ ਜਾਨਵਰਾਂ ਦੇ ਜੀਵਨ ਅਤੇ "ਸਾਰੇ ਧਰਤੀ ਪੁਰ ਘਿੱਸਰਨ ਵਾਲਿਆਂ ਜੀਆਂ ਉੱਤੇ ਰਾਜ ਕਰੋ" ਬੁੱਧੀਮਾਨੀ ਦਾ ਰਾਜ ਹੈ (1:28)। ਪਰ, ਪਰਮੇਸ਼ੁਰ ਨੇ ਪਹਿਲੇ ਜੋੜੇ ਨੂੰ ਦੂਜੇ ਲੋਕਾਂ ਜਾਂ ਸਮਾਜਾਂ ਦੇ ਉੱਤੇ ਰਾਜ ਕਰਨ ਦੀ ਕੋਈ ਵਿਸ਼ੇਸ਼ ਸਲਾਹ ਨਹੀਂ ਦਿੱਤੀ, ਕਿਉਂਕਿ ਉਸ ਸਮੇਂ ਕੋਈ ਵੀ ਹੋਂਦ ਵਿਚ ਨਹੀਂ ਸੀ।

ਆਦਮ ਅਤੇ ਹੱਵਾਹ ਦੇ ਸਭ ਤੋਂ ਪਹਿਲਾ ਕੰਮ ਵਿਚ ਆਪਣੇ ਵਿਚਾਰਾਂ ਅਤੇ ਕੰਮਾਂ ਤੇ ਸ਼ਾਸਨ ਕਰਨਾ ਸੀ। ਉਨ੍ਹਾਂ ਨੂੰ ਜ਼ਰੂਰੀ ਗਿਆਨ ਕਿੱਥੋਂ ਪ੍ਰਾਪਤ ਹੋਣਾ ਸੀ?

ਬੁੱਧੀ ਪਰਮੇਸ਼ੁਰ ਵੱਲੋਂ ਆਉਂਦੀ ਹੈ, ਜਿਸ ਨੇ ਸਾਨੂੰ ਬਣਾਇਆ ਹੈ। ਜਦੋਂ ਉਸ ਨੇ ਆਪਣੇ ਸਰੂਪ ਤੇ ਮਨੁੱਖਾਂ ਨੂੰ ਬਣਾਇਆ ਤਾਂ ਉਸ ਨੇ ਸਾਡੇ ਦਿਲਾਂ ਦੇ ਅੰਦਰ ਸਹੀ ਅਤੇ ਗਲਤ ਦੀਆਂ ਬੁਨਿਆਦੀ ਸੱਚਾਈਆਂ ਪਾਈਆਂ ਹਨ (ਰੋਮੀਆਂ 1:18-25)। ਇਸ ਤੋਂ ਇਲਾਵਾ, ਜਦੋਂ ਪਰਮੇਸ਼ੁਰ ਨੇ ਆਦਮ ਦੇ ਉੱਤੇ ਅਤੇ ਬਾਅਦ ਵਿਚ ਮੂਸਾ ਅਤੇ ਨਬੀਆਂ ਦੇ ਦੁਆਰਾ ਆਪਣੇ ਲੋਕਾਂ ਤੇ ਆਪਣੀ ਮਰਜ਼ੀ ਨੂੰ ਪਰਗਟ ਕੀਤਾ ਤਾਂ ਇੱਕ ਵਿਸ਼ੇਸ਼ ਪ੍ਰਕਾਸ਼ਣ ਦੇ ਦੁਆਰਾ ਮਨੁੱਖ ਦੇ ਅੰਦਰ ਗਿਆਨ ਆਇਆ (ਇਬਰਾਨੀਆਂ 1:1, 2)। ਇੱਕ ਅੰਤਿਮ ਤਰੀਕਾ ਜਿਸ ਦੇ ਦੁਆਰਾ ਹੁਣ ਬੁੱਧੀ ਆਉਂਦੀ ਹੈ ਉਹ ਪ੍ਰਾਰਥਨਾ ਦਾ ਉੱਤਰ ਹੈ (ਯਾਕੂਬ 1:5, 6), ਜਦੋਂ ਅਸੀਂ ਮੁਸ਼ਕਲ ਫ਼ੈਸਲੇ ਕਰਨ ਦੇ ਲਈ ਪਰਮੇਸ਼ੁਰ ਦੀ ਅਗਵਾਈ ਦੀ ਮੰਗ ਕਰਦੇ ਹਾਂ।

ਗਿਆਨ ਦਾ ਆਧਾਰ ਪਰਮੇਸ਼ੁਰ ਦੀ ਸੱਚਾਈ ਨੂੰ ਸਿੱਖਣਾ ਹੈ, ਪਰ ਇਸ ਗੱਲ ਨੂੰ ਜਾਣਨਾ ਵੀ ਹੈ ਕਿ ਕਿਵੇਂ ਜੀਵਨ ਦੇ ਮਹੱਤਵਪੂਰਣ ਮੌਕਿਆਂ ਤੇ ਪਰਮੇਸ਼ੁਰ ਦੀ ਸੱਚਾਈ ਨੂੰ ਜਾਣਨਾ ਅਤੇ ਸਿੱਖਣਾ ਹੈ। ਬੁੱਧ ਹੀ ਹੈ ਜੋ ਮਨੁੱਖ ਨੂੰ ਹੋਰਨਾਂ ਪ੍ਰਾਣੀਆਂ ਤੋਂ ਵੱਖਰਾ ਕਰਦੀ ਹੈ। ਜਾਨਵਰ ਸਹੀ ਅਤੇ ਗਲਤ ਦੇ ਵਿਸ਼ੇ ਵਿਚ ਸੋਚੇ ਬਿਨਾਂ, ਸਿਰਫ ਸੁਭਾਵਿਕ ਤੌਰ ਤੇ ਕੰਮ ਕਰਦੇ ਹਨ। ਮਨੁੱਖ ਸਿਰਫ ਇੱਕ ਜਾਨਵਰ ਨਹੀਂ ਹੈ; ਪਰ, ਉਹ ਨੈਤਿਕ ਅਤੇ ਆਤਮਿਕ ਪ੍ਰਾਣੀ ਹੈ। ਉਸ ਨੂੰ ਮੁਸ਼ਕਲ ਪ੍ਰਸ਼ਨਾਂ ਦੇ ਨਾਲ ਸੰਘਰਸ਼ ਕਰਨਾ ਚਾਹੀਦਾ ਹੈ, ਉਸ ਨੂੰ ਇਹ ਸਮਝਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਉਸ ਨੂੰ ਕੀ ਕਹਿਣਾ ਚਾਹੀਦਾ ਹੈ ਜਾਂ ਕਿਹੋ ਜਿਹਾ ਵਿਹਾਰ ਕਰਨਾ ਚਾਹੀਦਾ ਹੈ। ਜਦੋਂ, ਇੱਕ ਮਸੀਹੀ, ਵਿਸ਼ਵਾਸ ਦੇ ਨਾਲ ਆਪਣੇ ਦਿਲ ਨੂੰ ਪਰਮੇਸ਼ੁਰ ਦੇ ਲਈ ਖੋਲਦਾ ਜਾਂ ਖੋਲਦੀ ਹੈ ਅਤੇ ਇੱਕ ਮੁਸ਼ਕਲ ਸਮੇਂ ਦੇ ਦੌਰਾਨ ਸਭ ਤੋਂ ਉੱਤਮ ਰਾਹ ਜਾਂ ਪਰਮੇਸ਼ੁਰ ਦੀ ਮਰਜ਼ੀ ਨੂੰ ਸਮਝਣ ਦੀ ਬੁੱਧ ਦੇ ਲਈ ਪ੍ਰਾਰਥਨਾ ਕਰਦਾ ਹੈ, ਤਾਂ ਪਰਮੇਸ਼ੁਰ ਦਾ ਵਾਇਦਾ ਹੈ ਕਿ ਉਹ ਅਜਿਹੀ ਪ੍ਰਾਰਥਨਾ ਤੇ ਬਰਕਤ ਦੇਵੇਗਾ (ਯਾਕੂਬ 1:5, 6)। ਇਸ ਸੰਬੰਧ ਵਿਚ, ਕਹਾਉਤਾਂ ਦਾ ਲੇਖਕ ਬੁੱਧੀ ਨੂੰ ਇਸ ਪ੍ਰਕਾਰ ਜਿਸਮਾਨੀ ਰੂਪ ਦਿੱਤਾ:

> ਮੱਤ ਅਤੇ ਦਨਾਈ ਮੇਰੀ ਹੈ,
> ਸਮਝ ਮੈਂ ਹਾਂ, ਸਮਰੱਥਾ ਮੇਰੀ ਹੈ।
> ਪਾਤਸ਼ਾਹ ਮੇਰੀ ਸਹਾਇਤਾ ਨਾਲ ਪਾਤਸ਼ਾਹੀ ਕਰਦੇ,
> ਅਤੇ ਹਾਕਮ ਧਰਮ ਦੇ ਹੁਕਮ ਚਲਾਉਂਦੇ ਹਨ।
> ਮੇਰੇ ਹੀ ਕਾਰਨ ਸਰਦਾਰ ਸਰਦਾਰੀ ਕਰਦੇ ਹਨ,
> ਨਾਲੇ ਧਰਤੀ ਦੇ ਪਤਵੰਤ ਅਤੇ ਸਾਰੇ ਨਿਆਈ ਵੀ
> (ਕਹਾਉਤਾਂ 8:14-16)।

ਇਸ ਲਿਖਤ ਦੇ ਅਨੁਸਾਰ, ਗਿਆਨ ਵਿਚ "ਸਮਝ" ਅਤੇ "ਸੱਚਾ ਨਿਆਂ" ਕਰਨ ਦੀ ਯੋਗਤਾ ਸ਼ਾਮਲ ਹੈ। ਇਹ ਗਹਿਰਾਈ ਦੇ ਨਾਲ ਉਸ ਗਿਆਨ ਦੇ ਨਾਲ ਜੁੜਿਆ ਹੋਇਆ ਹੈ ਜਿਸ ਨੂੰ ਲੋਕ ਸੰਸਾਰ ਵਿਚ ਤਜਰਬੇ ਦੇ ਦੁਆਰਾ ਗ੍ਰਹਿਣ ਕਰਦੇ ਹਨ।

ਬੇਸ਼ੱਕ, ਇਹੀ ਬੁਨਿਆਦੀ ਸਮੱਸਿਆ ਸੀ ਜਿਸ ਦਾ ਸਾਹਮਣਾ ਆਦਮ ਅਤੇ ਹੱਵਾਹ ਨੇ ਉਸ ਸਮੇਂ ਕੀਤਾ ਸੀ ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਰਚ ਕੇ ਅਦਨ ਦੇ ਬਾਗ ਵਿਚ ਰੱਖਿਆ ਸੀ। ਬੁੱਧੀਮਾਨੀ ਦੇ ਦ੍ਰਿਸ਼ਟੀਕੋਣ ਤੋਂ, ਉਹ ਛੋਟੇ ਬੱਚਿਆਂ ਵਰਗੇ ਸਨ, ਜੋ ਭਲਾ ਜਾਂ ਬੁਰਾ, ਦਰਦ ਜਾਂ ਮੌਤ ਦੇ ਵਿਸ਼ੇ ਵਿਚ ਕੁਝ ਵੀ ਨਹੀਂ ਜਾਣਦੇ ਸਨ। ਨਾ ਹੀ ਉਨ੍ਹਾਂ ਨੂੰ ਧੋਖਾਧੜੀ ਦੇ ਲਈ ਤਿਆਰ ਕੀਤਾ ਗਿਆ ਸੀ ਕਿ ਸੱਪ ਸੱਚਾਈ ਨੂੰ ਵਿਗਾੜੇਗਾ ਅਤੇ ਇਸ ਨੂੰ ਸਹੀ ਸਾਬਤ ਕਰੇਗਾ। ਉਨ੍ਹਾਂ ਨੂੰ

ਸਿਰਫ ਇੱਕ ਮਨਾਹੀ ਸੀ: ਭਲੇ ਅਤੇ ਬੁਰੇ ਦੀ ਸਿਆਣ ਦੇ ਰੁੱਖ ਤੋਂ ਨਾ ਖਾਣਾ। ਜੇਕਰ ਉਹ ਪਰਮੇਸ਼ੁਰ ਦੀ ਹਿਦਾਇਤ ਦਾ ਪਾਲਣ ਕਰਨ ਵਿਚ, ਨਾਕਾਮ ਰਹੇ ਤਾਂ ਉਹ ਮਰ ਜਾਣਗੇ (2:17)। ਹਾਲਾਂਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਬੁੱਧੀ ਨਾਲ ਭਰੀ ਸਲਾਹ ਦੇ ਦੁਆਰਾ ਚੇਤਾਵਨੀ ਦਿੱਤੀ ਸੀ, ਪਰ ਉਨ੍ਹਾਂ ਦੇ ਅੰਦਰ "ਗਿਆਨ" (ਬੁੱਧ) ਦੀ ਘਾਟ ਸੀ ਕਿ ਉਹ ਸੂਖਮਤਾ ਦੇ ਨਾਲ ਸ਼ਤਾਨ ਦੇ ਧੋਖਾ ਦੇਣ ਦੇ ਉਸ ਤਰੀਕੇ ਨੂੰ ਸਮਝ ਸਕਦੇ ਜਿਸ ਦੇ ਨਾਲ ਉਸ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਸੀ ਕਿ ਉਹ ਪਰਮੇਸ਼ੁਰ ਦੀ ਇੱਛਾ ਦਾ ਉਲੰਘਣ ਕਰਨ। ਸੱਪ ਦਾ ਦ੍ਰਿਸ਼ਟੀਕੋਣ ਬਹੁਤ ਸਹੀ ਲੱਗ ਰਿਹਾ ਸੀ; ਉਸ ਨੇ ਫਲ ਨੂੰ "ਬੁੱਧ ਦੇਣ ਲਈ ਲੋੜੀਦਾ ਹੈ" ਜਿਵੇਂ ਕਿ ਆਦਮ ਅਤੇ ਹੱਵਾਹ "ਪਰਮੇਸ਼ੁਰ ਵਾਂਙੁ" ਹੋ ਸਕਦੇ ਹਨ (3:5, 6)। ਇਸ ਪਰੀਖਿਆ ਨੇ ਉਨ੍ਹਾਂ ਦੇ ਘਮੰਡ ਨੂੰ ਉਜਾਗਰ ਕੀਤਾ; ਆਖਿਰਕਾਰ, ਕੌਣ "ਪਰਮੇਸ਼ੁਰ ਵਾਂਙੁ" ਨਹੀਂ ਬਣਨਾ ਚਾਹੁੰਦਾ ਅਤੇ "ਭਲੇ ਬੁਰੇ" ਨੂੰ ਨਹੀਂ ਜਾਣਨਾ ਚਾਹੁੰਦਾ? ਉਨ੍ਹਾਂ ਦੇ ਅੰਦਰ ਇੰਨਾ ਸਮਝ ਸਕਣ ਦੀ ਬੁੱਧ ਨਹੀਂ ਸੀ ਕਿ, ਉਹ ਪਰਮੇਸ਼ੁਰ ਦੇ ਸਮਾਨ ਬਣਨ ਦੀ ਬਜਾਇ, ਉਹ ਸੱਪ (ਸ਼ਤਾਨ) ਦੇ ਪਿੱਛੇ ਚੱਲ ਕੇ ਦੁੱਖ, ਦਰਦ, ਅਤੇ ਮੌਤ ਦੇ ਰਾਹ ਤੇ ਹੇਠਾਂ ਚਲੇ ਜਾਣਗੇ।

ਯੂਸੁਫ਼ ਦੀ ਕਹਾਣੀ ਵਿਚ, ਬਾਈਬਲ ਦੇ ਖਾਤੇ ਵਿਚ ਇਸ ਗੱਲ ਦਾ ਖੁਲਾਸਾ ਨਹੀਂ ਕੀਤਾ ਗਿਆ ਹੈ ਕਿ ਜਦੋਂ ਉਸ ਨੂੰ ਜਬਰਦਸਤੀ ਮਿਸਰ ਵਿਚ ਲਿਜਾਇਆ ਜਾ ਰਿਹਾ ਸੀ ਅਤੇ ਇੱਕ ਗੁਲਾਮ ਦੇ ਰੂਪ ਵਿਚ ਵੇਚਿਆ ਜਾ ਰਿਹਾ ਸੀ, ਤਾਂ ਉਸ ਨੇ ਬੁੱਧੀ ਅਤੇ ਮਾਰਗ ਦਰਸ਼ਣ ਦੇ ਲਈ ਪਰਮੇਸ਼ੁਰ ਦੇ ਸਾਹਮਣੇ ਪ੍ਰਾਰਥਨਾ ਕੀਤੀ ਸੀ ਕਿ ਨਹੀਂ। ਪਰ, ਲਿਖਤ ਨੂੰ ਜੇਕਰ ਸਿੱਧਾ ਪੜ੍ਹਿਆ ਜਾਵੇ ਤਾਂ ਪਤਾ ਲੱਗਦਾ ਹੈ ਕਿ ਉਸ ਨੇ ਅਜਿਹਾ ਕੀਤਾ ਸੀ। ਜਦੋਂ ਯਾਕੂਬ ਦੇ ਪੁੱਤਰਾਂ ਨੇ ਸ਼ਕਮ ਦੇ ਆਦਮੀਆਂ ਨੂੰ ਮਾਰ ਦਿੱਤਾ ਸੀ ਅਤੇ ਯਾਕੂਬ ਦਾ ਦਲ ਬਹੁਤ ਖਤਰੇ ਵਿਚ ਸੀ, ਤਾਂ ਯੂਸੁਫ਼ ਨੇ ਆਪਣੇ ਪਿਤਾ ਨੂੰ ਇਹ ਕਹਿੰਦੇ ਹੋਏ ਸੁਣਿਆ ਸੀ ਕਿ ਆਪਣੇ ਦਲ ਨੂੰ ਬੈਤਏਲ ਵਿਚ ਲੈ ਜਾਹ, ਅਤੇ ਸਾਰੇ ਪਰਾਏ ਦੇਵਤਿਆਂ ਨੂੰ ਆਪਣੇ ਵਿਚੋਂ ਕੱਢ ਦੇਹ, ਅਤੇ ਬੰਦਗੀ ਦੇ ਲਈ ਇੱਕ ਜਗਵੇਦੀ ਬਣਾ (35:1-8)। ਇਹ ਵੀ ਸੰਭਵ ਹੈ ਕਿ ਯੂਸੁਫ਼ ਅਤੇ ਉਸ ਦੇ ਪਿਤਾ ਦੇ ਬਾਕੀ ਘਰਾਣੇ ਦੇ ਲੋਕਾਂ ਨੇ ਪਰਮੇਸ਼ੁਰ ਦੀ ਆਵਾਜ਼ ਸੁਣੀ ਹੋਵੇ ਕਿਉਂਕਿ ਉਸ ਨੇ ਨੇਮ ਦੇ ਵਾਇਦਿਆਂ ਨੂੰ ਯਾਕੂਬ ਦੇ ਨਾਲ ਮੁੜ ਨਵਾਂ ਕੀਤਾ ਸੀ। ਇੱਥੋਂ ਤੱਕ ਕਿ ਜੇਕਰ ਹੋਰਨਾਂ ਨੇ ਪਰਮੇਸ਼ੁਰ ਦੀ ਆਵਾਜ਼ ਨਹੀਂ ਸੁਣੀ ਸੀ, ਤਾਂ ਜ਼ਰੂਰ ਯਾਕੂਬ ਨੇ ਉਸ ਦੇ ਵਚਨਾਂ ਨੂੰ ਆਪਣੇ ਪਰਿਵਾਰ ਅਤੇ ਆਪਣੇ ਨੌਕਰਾਂ ਤੇ ਪਰਗਟ ਕੀਤਾ ਹੋਵੇਗਾ। ਉਨ੍ਹਾਂ ਨੂੰ ਇਸ ਗੱਲ ਦਾ ਯਕੀਨ ਦਿਵਾਉਣਾ ਜ਼ਰੂਰੀ ਸੀ ਕਿ ਉਹ ਬਰਕਤ ਪਾਏ ਹੋਏ ਲੋਕ ਹਨ, ਜਿਨ੍ਹਾਂ ਨੂੰ ਪਰਮੇਸ਼ੁਰ ਉਨ੍ਹਾਂ ਮੂਲ ਵਾਇਦਿਆਂ ਦੇ ਮੁਤਾਬਿਕ ਜੋ ਉਸ ਨੇ ਆਬਰਾਹਾਮ ਅਤੇ ਇਸਹਾਕ ਦੇ ਨਾਲ ਕੀਤੇ ਸਨ, ਜ਼ਮੀਨਾਂ ਅਤੇ ਰਾਜਿਆਂ ਦੇ ਨਾਲ ਬਹੁਤ ਜ਼ਿਆਦਾ ਬਰਕਤ ਦੇਵੇਗਾ।

ਜਦੋਂ ਯੂਸੁਫ਼ ਨੂੰ ਉਸ ਦੇ ਭਰਾਵਾਂ ਦੇ ਦੁਆਰਾ ਧੋਖਾ ਦਿੱਤਾ ਗਿਆ, ਉਸ ਦੇ ਪਿਤਾ ਤੋਂ ਵੱਖਰਾ ਕਰ ਦਿੱਤਾ ਗਿਆ, ਅਤੇ ਮਿਸਰ ਵਿਚ ਇੱਕ ਗੁਲਾਮ ਦੇ ਰੂਪ ਵਿਚ ਵੇਚ ਦਿੱਤਾ ਗਿਆ, ਤਾਂ ਯਕੀਨਨ ਉਸ ਦਾ ਦਿਲ ਟੁੱਟ ਗਿਆ ਸੀ; ਪਰ ਉਸ ਨੇ ਆਪਣੇ ਵਿਸ਼ਵਾਸ ਨੂੰ ਕਦੀ ਵੀ ਗੁਵਾਇਆ ਨਹੀਂ ਸੀ। ਪ੍ਰਭੂ ਉਸ ਦੇ ਨਾਲ ਸੀ, ਤਾਂਕਿ ਪੋਟੀਫ਼ਰ ਦੇ ਘਰ ਦੀ ਨਿਗਾਹਬਾਨੀ ਕਰਨ ਦੇ ਲਈ ਉਸ ਨੂੰ ਬੁੱਧੀ ਦੀ ਅਸੀਸ ਦੇਵੇ (39:2-6)। ਉਸ ਨੇ ਉਸ ਨੂੰ ਬੁੱਧ ਪ੍ਰਦਾਨ ਕੀਤੀ ਕਿ ਉਹ ਪੋਟੀਫ਼ਰ ਦੀ ਪਤਨੀ ਦੇ ਜਿਨਸੀ ਪਰਤਾਵਿਆਂ ਦਾ ਵਿਰੋਧ ਕਰ ਸਕੇ (39:6-12)। ਜਦੋਂ ਯੂਸੁਫ਼ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ ਸੀ, ਤਾਂ ਪਰਮੇਸ਼ੁਰ ਨੇ ਉਸ ਨੂੰ ਰਾਜੇ ਦੇ ਰਸੋਈਏ ਅਤੇ ਸਾਕੀ ਦੇ ਸੁਫਨਿਆਂ ਦਾ ਅਰਥ ਕਰਨ ਦੀ ਬੁੱਧ ਦਿੱਤੀ (40:1-23)। ਇੱਥੋਂ ਤੱਕ ਕਿ ਉਸ ਨੇ ਫ਼ਿਰਊਨ ਦੇ ਸੁਫਨੇ ਦਾ ਅਰਥ ਵੀ ਪਰਗਟ ਕੀਤਾ (41:1-36)। ਫਿਰ ਫ਼ਿਰਊਨ ਨੇ ਉਸ ਨੂੰ

ਤਖ਼ਤ ਤੱਕ ਉੱਚਾ ਚੁੱਕਿਆ, ਤਾਂ ਕਿ ਉਹ ਮਿਸਰ ਵਿਚ ਦੂਜੇ ਦਰਜੇ ਦਾ ਹਾਕਮ ਹੋਵੇ (41:37-45)। ਯੂਸੁਫ਼ ਨੇ ਬੁੱਧੀਮਾਨੀ ਦੇ ਨਾਲ ਉਸ ਸਭ ਦਾ ਸਿਹਰਾ ਪਰਮੇਸ਼ੁਰ ਦੇ ਸਿਰ ਮੜਿਆ ਜਿਸ ਨੇ ਉਸ ਨੂੰ ਇਹ ਸਭ ਕੁਝ ਕਰਨ ਦੇ ਯੋਗ ਠਹਿਰਾਇਆ ਸੀ (41:16, 25)। ਅਖੀਰ ਵਿਚ ਪ੍ਰਭੂ ਨੇ ਉਸ ਨੂੰ ਆਪਣੇ ਪਰਿਵਾਰ ਦੇ ਮੈਂਬਰਾਂ ਦੇ ਨਾਲ ਨਾਲ ਮਿਸਰ ਦੇ ਲੋਕਾਂ ਨੂੰ ਵੀ ਭਿਆਨਕ ਅਕਾਲ ਤੋਂ ਬਚਾਉਣ ਦੇ ਲਈ ਇਸਤੇਮਾਲ ਕੀਤਾ।

**ਕੀ ਯੂਸੁਫ਼ ਇੱਕ ਬੁੱਧੀਮਾਨ ਹਾਕਮ ਸੀ? (47:1-26)**

ਕੁੱਝ ਟਿੱਪਣੀਕਾਰਾਂ ਦੇ ਦੁਆਰਾ ਯੂਸੁਫ਼ ਦੀ ਆਲੋਚਨਾ ਵੀ ਕੀਤੀ ਗਈ ਹੈ ਜੋ ਮਿਸਰ ਦੇ ਮਹਾਂ ਅਕਾਲ ਦੇ ਸਮੇਂ ਵੇਖਦੇ ਹਨ ਕਿ ਕਿਵੇਂ ਉਸ ਨੇ ਆਪਣੇ ਅਧਿਕਾਰ ਦੀ ਦੁਰਵਰਤੋਂ ਕੀਤੀ ਸੀ। ਉਤਪਤ ਦੇ ਖਾਤੇ ਵਿਚ ਦਰਜ ਹੈ ਕਿ, ਫ਼ਿਰਊਨ ਤੋਂ ਦੂਜੇ ਦਰਜੇ ਦਾ ਹਾਕਮ ਹੋਣ ਦੇ ਨਾਤੇ, ਉਸ ਨੇ ਉਹ ਸਾਰਾ ਪੈਸਾ ਜੋ ਮਿਸਰੀ ਲੋਕ ਅਨਾਜ ਦੇ ਬਦਲੇ ਵਿਚ ਲਿਆਏ ਸਨ ਉਸ ਨੇ ਲੈ ਲਿਆ; ਅਤੇ ਫਿਰ ਉਸ ਨੇ ਉਨ੍ਹਾਂ ਦੇ ਕੋਲ ਜੋ ਕੁਝ ਵੀ ਸੀ ਉਹ ਲੈ ਲਿਆ, ਜਿਸ ਵਿਚ ਉਨ੍ਹਾਂ ਦੇ ਜਾਨਵਰ ਅਤੇ ਜ਼ਮੀਨ ਵੀ ਸੀ। ਇੱਥੋਂ ਤੱਕ ਕਿ ਉਸ ਨੇ ਲੋਕਾਂ ਨੂੰ ਵੀ, ਰਾਜੇ ਦੇ ਗੁਲਾਮ ਬਣਨ ਦੇ ਲਈ ਖਰੀਦ ਲਿਆ (47:13-26)। ਨਾਕਾਰਾਤਮਕ ਵਿਚਾਰ ਦੇ ਉਲਟ ਕੁਝ ਯੂਸੁਫ਼ ਦੁਆਰਾ ਅਕਾਲ ਦੇ ਸਮੇਂ ਵਿਚ ਗੁਲਾਮ ਬਣਾਏ ਜਾਣ ਦੇ ਪੱਖ ਵਿਚ ਹਨ, ਕਿਉਂਕਿ ਉਹ ਇੱਕ ਬੁੱਧੀਮਾਨ, ਦਿਆਲੂ, ਅਤੇ ਧਰਮੀ ਸ਼ਾਸਕ ਸੀ।

*ਉਸ ਨੇ ਆਪਣੇ ਪਰਿਵਾਰ ਨੂੰ ਮੁਹੱਈਆ ਕਰਵਾਇਆ।* ਬੁੱਧ ਦੇ ਦੁਆਰਾ, ਯੂਸੁਫ਼ ਆਪਣੇ ਪਰਿਵਾਰ ਨੂੰ ਅਕਾਲ ਤੋਂ ਬਚਾਉਣ ਦੇ ਯੋਗ ਹੋਇਆ ਸੀ। ਪਰਮੇਸ਼ੁਰ ਦੇ ਦੁਆਰਾ ਦਿੱਤੀ ਹੋਈ ਬੁੱਧ ਨੇ ਹੀ ਉਸ ਨੂੰ (41:39-41) ਬਹੁਤਾਇਤ ਦੇ ਸੱਤਾਂ ਸਾਲਾਂ ਅਤੇ ਅਕਾਲ ਦੇ ਸੱਤਾਂ ਸਾਲਾਂ ਦੀ ਭਵਿੱਖਵਾਣੀ ਕਰ ਸਕਣ ਦੇ ਯੋਗ ਬਣਾਇਆ, ਅਤੇ ਫ਼ਿਰਊਨ ਨੂੰ ਸਲਾਹ ਦਿੱਤੀ ਕਿ ਉਹ ਮੁਸ਼ਕਲ ਦੇ ਸਾਲਾਂ ਵਿਚ ਜ਼ਿੰਦਾ ਰਹਿ ਸਕਣ ਦੇ ਲਈ ਤਿਆਰੀ ਕਰੇ। ਬਾਅਦ ਵਿਚ, ਸ਼ੁਕਰਗੁਜ਼ਾਰੀ ਦੇ ਤੌਰ ਤੇ ਫ਼ਿਰਊਨ ਨੇ ਯੂਸੁਫ਼ ਦੇ ਲੋਕਾਂ ਨੂੰ ਮਿਸਰ ਵਿਚ ਰਹਿਣ ਦੇ ਲਈ ਇੱਕ ਸਥਾਈ ਨਿਵਾਸ ਸਥਾਨ ਮੁਹੱਈਆ ਕਰਵਾਇਆ।

ਫ਼ਿਰਊਨ ਨੇ ਉਸ ਨੂੰ ਮਿਸਰ ਦੇ ਉੱਤੇ ਵਜੀਰ ਠਹਿਰਾਇਆ ਅਤੇ ਦੇਸ ਦੇ ਸਾਰੇ ਸਾਧਨਾਂ ਦੇ ਉੱਤੇ ਉਸ ਨੂੰ ਅਧਿਕਾਰ ਦੇ ਦਿੱਤਾ (ਰਸੂਲਾਂ ਦੇ ਕਰਤੱਬ 7:10)। ਪ੍ਰਾਚੀਨ ਸੰਸਾਰ ਵਿਚ ਇੱਕ ਗੁਲਾਮ ਨੂੰ ਦਿੱਤਾ ਗਿਆ ਅਜਿਹਾ ਸਨਮਾਨ ਲਗਭਗ ਅਣਸੁਣਿਆ ਸੀ; ਪਰ, ਇਸ ਤੋਂ ਵੀ ਵੱਧ ਕੇ ਹੋਰ ਮਿਲਣਾ ਸੀ। ਭਾਵੇਂ ਯੂਸੁਫ਼ ਇੱਕ ਜਵਾਨ ਆਦਮੀ ਸੀ, ਫਿਰ ਵੀ ਉਸ ਨੂੰ ਪੂਰੇ ਮਿਸਰ ਦੇਸ ਦੇ ਉੱਤੇ ਫ਼ਿਰਊਨ ਦੇ ਪਿਤਾ ਅਤੇ ਉਸ ਦੇ ਸਾਰੇ ਘਰਾਣੇ ਦੇ ਉੱਤੇ ਹਾਕਮ ਠਹਿਰਾਇਆ ਗਿਆ ਸੀ (45:8)। ਇਸ ਸਭ ਦੇ ਲਈ ਇੱਕੋ ਇੱਕ ਸੰਭਵ ਸਪੱਸ਼ਟੀਕਰਣ ਇਹ ਸੀ ਕਿ ਰਾਜਾ ਇਸ ਇਬਰਾਨੀ ਨੌਜਵਾਨ ਦੀ ਬੁੱਧੀ ਅਤੇ ਗਿਆਨ ਦੇ ਕਾਰਣ ਉਸ ਦਾ ਬਹੁਤ ਹੀ ਆਦਰ ਕਰਦਾ ਸੀ। ਇਸੇ ਲਈ ਫ਼ਿਰਊਨ ਨੇ ਉਸ ਨੂੰ ਇਜਾਜ਼ਤ ਦੇ ਦਿੱਤੀ ਸੀ ਕਿ ਉਹ ਆਪਣੇ ਪਰਿਵਾਰ ਨੂੰ ਮਿਸਰ ਵਿਚ ਬੁਲਾ ਲਵੇ ਤਾਂ ਕਿ ਉਸ ਨੂੰ ਬਾਕੀ ਰਹਿੰਦੇ ਸੋਕੇ ਅਤੇ ਅਕਾਲ ਦੇ ਦਿਨਾਂ ਵਿਚ ਜੀਉਂਦੇ ਰਹਿ ਸਕਣ (45:16-20)।

ਕਈ ਸਾਲ ਪਹਿਲਾਂ, ਪਰਮੇਸ਼ੁਰ ਨੇ ਯੂਸੁਫ਼ ਦੇ ਪੜ੍ਹ-ਦਾਦੇ ਅਬਰਾਹਾਮ ਦੇ ਦੁਆਰਾ ਇਹ ਘੋਸ਼ਣਾ ਕੀਤੀ ਸੀ ਕਿ ਉਸ ਦੀ ਅੰਸ ਚਾਰ ਸੌ ਸਾਲ ਤੱਕ ਗੁਲਾਮੀ ਵਿਚ ਜਾਵੇਗੀ (15:12-16)। ਕਿਉਂਕਿ ਪ੍ਰਭੂ ਨੇ "ਚੌਥੀ ਪੀੜ੍ਹੀ" ਵਿਚ ਇਸਰਾਏਲੀਆਂ ਦੇ ਕਨਾਨ ਵਿਚ ਵਾਪਸ ਮੁੜਣ ਦਾ ਸਮਾਂ ਵੀ ਦੱਸਿਆ, ਸ਼ਾਇਦ ਯੂਸੁਫ਼ ਗੁਲਾਮੀ ਜਾਂ ਮਿਸਰ ਵਿਚ ਰਹਿਣ ਦੇ ਸਮੇਂ ਦੀ ਲੰਬਾਈ ਦੇ ਵਿਸ਼ੇ ਵਿਚ ਨਹੀਂ ਸਮਝਿਆ ਹੋਵੇਗਾ; ਪਰ ਉਹ ਚਾਹੁੰਦਾ ਸੀ ਕਿ ਉਹ ਲੋਕ ਉਸ ਸਮੇਂ ਤੱਕ ਇੱਕ

ਸੁਰੱਖਿਅਤ ਅਤੇ ਫਲਦਾਇਕ ਸਥਾਨ ਤੇ ਰਹਿਣ ਜਦੋਂ ਤੱਕ ਪਰਮੇਸ਼ੁਰ ਉਨ੍ਹਾਂ ਨੂੰ ਉਨ੍ਹਾਂ ਦੇ ਦੇਸ ਵਿਚ ਵਾਪਸ ਲੈ ਜਾਣ ਲਈ ਤਿਆਰ ਨਹੀਂ ਕਰ ਲੈਂਦਾ। ਇਹ ਸਪੱਸ਼ਟ ਹੈ ਕਿਉਂਕਿ ਉਸ ਨੇ ਮੌਤ ਦੀ ਸਮੇਂ ਆਪਣੇ ਭਰਾਵਾਂ ਨੂੰ ਜ਼ਿੰਮੇਵਾਰੀ ਸੌਂਪੀ ਸੀ: ਜਦੋਂ ਵੀ ਕੂਚ ਕੀਤਾ ਜਾਵੇ, ਉਹ ਉਸ ਦੀਆਂ ਹੱਡੀਆਂ ਨੂੰ ਆਪਣੇ ਨਾਲ ਮਿਸਰ ਵਿਚੋਂ ਬਾਹਰ ਲੈ ਜਾਣ ਅਤੇ ਉਨ੍ਹਾਂ ਨੂੰ ਵਾਇਦੇ ਕੀਤੇ ਹੋਏ ਦੇਸ ਵਿਚ ਦਫਨਾਉਣ (50:24, 25; ਵੇਖੋ ਕੂਚ 13:19; ਯਹੋਸ਼ੁਆ 24:32)।

ਜਦੋਂ ਯਹੂਦਾਹ ਇਹ ਖਬਰ ਲੈ ਕੇ ਆਇਆ ਕਿ ਯਾਕੂਬ ਅਤੇ ਉਸ ਦਾ ਪਰਿਵਾਰ ਮਿਸਰ ਵਿਚ ਪਹੁੰਚ ਗਏ ਸਨ, ਤਾਂ ਯੂਸੁਫ਼ ਨੇ ਉਨ੍ਹਾਂ ਨੂੰ ਮਿਲਣ ਦੇ ਲਈ ਤੁਰੰਤ ਗੋਸ਼ਨ ਦੀ ਯਾਤਰਾ ਸ਼ੁਰੂ ਕੀਤੀ ਅਤੇ ਉਨ੍ਹਾਂ ਦਾ ਸਵਾਗਤ ਕੀਤਾ (46:28, 29)। ਫਿਰ, ਉਸ ਨੇ ਆਪਣੇ ਉਨ੍ਹਾਂ ਪੰਜ ਭਰਾਵਾਂ ਨੂੰ ਚੁਣਨ ਦੇ ਦੁਆਰਾ ਬੁੱਧੀ ਨੂੰ ਵਰਤਿਆ ਜੋ ਆਪਣੇ ਪਿਤਾ ਦੇ ਨਾਲ ਫ਼ਿਰਊਨ ਨੂੰ ਮਿਲ ਕੇ ਉਸ ਦੇ ਉੱਤੇ ਉੱਤਮ ਪ੍ਰਭਾਵ ਪਾ ਸਕਣ (47:1, 2, 7-10)। ਯੂਸੁਫ਼ ਕੂਟਨੀਤਿਕ ਅਤੇ ਨਿਮਰ ਹੋਣ ਦੇ ਦੁਆਰਾ ਨਿਰੰਤਰ ਬੁੱਧ ਦਾ ਪ੍ਰਦਰਸ਼ਣ ਕਰਦਾ ਰਿਹਾ ਜਦੋਂ ਉਹ ਫ਼ਿਰਊਨ ਦੇ ਕੋਲ ਆਇਆ। ਉਸੇ ਤਰ੍ਹਾਂ, ਪਰਿਵਾਰ ਦੇ ਪ੍ਰਤੀਨਿਧੀਆਂ ਨੇ ਮਿਸਰ ਵਿਚ ਉਨ੍ਹਾਂ ਨੂੰ ਬੁਲਾਉਣ ਦੇ ਲਈ ਰਾਜੇ ਦੀ ਸ਼ੁਕਰਗੁਜ਼ਾਰੀ ਕਰਕੇ ਰਾਜੇ ਨੂੰ ਯੋਗ ਸਨਮਾਨ ਦਿੱਤਾ।

ਜਦੋਂ ਯਾਕੂਬ ਨੂੰ ਫ਼ਿਰਊਨ ਦੇ ਸਾਹਮਣੇ ਪੇਸ਼ ਕੀਤਾ ਗਿਆ, ਤਾਂ ਉਹ ਅੱਗੇ ਵਧਿਆ ਅਤੇ ਰਾਜੇ ਨੂੰ ਬਰਕਤ ਦਿੱਤੀ। ਅਜਿਹਾ ਕੰਮ ਸਧਾਰਣ ਕੂਟਨੀਤਿਕ ਸ਼ਿਸਟਾਚਾਰ ਤੋਂ ਉਲਟ ਸੀ ਕਿਉਂਕਿ ਆਮ ਤੌਰ ਤੇ ਵੱਡੇ ਦਰਜੇ ਦਾ ਵਿਅਕਤੀ ਛੋਟੇ ਦਰਜੇ ਵਾਲੇ ਨੂੰ ਬਰਕਤ ਦਿੰਦਾ ਸੀ, ਜਿਵੇਂ ਮਲਕਿ-ਸਿਦਕ ਅਤੇ ਅਬਰਾਹਾਮ ਦੇ ਮਾਮਲੇ ਵਿਚ ਸੀ (ਇਬਰਾਨੀਆਂ 7:7)। ਇਹ ਸਥਿਤੀ ਜ਼ਰੂਰ ਵੱਖਰੀ ਹੋਣੀ ਚਾਹੀਦੀ ਹੈ ਕਿਉਂਕਿ ਫ਼ਿਰਊਨ ਯਾਕੂਬ ਦਾ ਆਦਰ ਕਰਦਾ ਸੀ ਕਿਉਂਕਿ ਉਹ ਯੂਸੁਫ਼ ਵਰਗੇ ਇੱਕ ਬੁੱਧੀਮਾਨ ਵਿਅਕਤੀ ਦਾ ਪਿਤਾ ਸੀ, ਅਤੇ ਉਸ ਦੀ ਉਮਰ ਵੀ ਬਹੁਤ ਹੀ ਵੱਡੀ ਸੀ (130 ਸਾਲ)। ਰਾਜੇ ਦਾ ਵਿਸ਼ਵਾਸ ਸੀ ਕਿ ਮਿਸਰ ਵਿਚ ਯੂਸੁਫ਼ ਅਤੇ ਉਸ ਦੇ ਪੂਰੇ ਪਰਿਵਾਰ ਦਾ ਆਉਣਾ ਉਸ ਦੇ ਅਤੇ ਮਿਸਰ ਦੇ ਲਈ ਖੁਸ਼ੀ ਅਤੇ ਕਲਿਆਣ ਦਾ ਕਾਰਣ ਹੋਵੇਗਾ। ਉਸ ਨੂੰ ਜ਼ਰੂਰ ਵਿਸ਼ਵਾਸ ਸੀ ਕਿ, ਯੂਸੁਫ਼ ਦੀ ਬੁੱਧੀਮਾਨੀ ਭਰੀ ਰਹਿਨੁਮਾਈ ਦੇ ਅਧੀਨ, ਇੱਕ ਸੁਨਹਿਰਾ ਭਵਿੱਖ ਉਨ੍ਹਾਂ ਦਾ ਇੰਤਜ਼ਾਰ ਕਰ ਰਿਹਾ ਹੈ।

ਸਪੱਸ਼ਟ ਤੌਰ ਤੇ ਯਾਕੂਬ ਨੇ ਸਾਰਾ ਜੀਵਨ ਇਸ ਵਿਚਾਰ ਦੇ ਨਾਲ ਸੰਘਰਸ਼ ਕੀਤਾ ਹੋਵੇਗਾ ਕਿ ਉਹ ਆਪਣਾ ਪੂਰਾ ਜੀਵਨ ਮਿਸਰ ਵਿਚ ਗੁਜ਼ਾਰੇਗਾ ਅਤੇ ਅੰਤ ਵਿਚ ਵਿਦੇਸ ਵਿਚ ਹੀ ਮਰ ਜਾਵੇਗਾ। ਬਜ਼ੁਰਗ ਪੁਰਖੇ ਨੂੰ ਇਹ ਯਾਦ ਦਿਵਾਉਣ ਦੀ ਲੋੜ ਸੀ ਕਿ ਅਬਰਾਹਾਮ ਅਤੇ ਇਸਹਾਕ ਨੇ "ਵਾਇਦੇ ਵਾਲੀ ਧਰਤੀ ਵਿਚ" ਵਿਦੇਸੀਆਂ ਦੇ ਵਾਂਗ ਜੀਵਨ ਗੁਜ਼ਾਰਿਆ ਅਤੇ ਮਰ ਗਏ, ਪਰ ਇਸ ਦੇ ਨਾਲ ਪਰਮੇਸ਼ੁਰ ਦਾ ਵਾਇਦਾ ਰੱਦ ਨਹੀਂ ਹੋਇਆ (ਇਬਰਾਨੀਆਂ 11:9)। ਕਿਸੇ ਵੀ ਤਰ੍ਹਾਂ, ਉਹ "ਉੱਤਮ ਅਰਥਾਤ ਸੁਰਗੀ ਦੇਸ ਨੂੰ ਲੋਚਦੇ ਹਨ" ਇਸ ਗੱਲ ਉੱਤੇ ਵਿਸ਼ਵਾਸ ਕਰਦੇ ਹੋਏ ਕਿ ਪਰਮੇਸ਼ੁਰ ਨੇ "ਉਨ੍ਹਾਂ ਦੇ ਲਈ ਇੱਕ ਨਗਰੀ ਤਿਆਰ ਕਰ ਛੱਡੀ ਹੈ" (ਇਬਰਾਨੀਆਂ 11:16)। ਇਹ ਵਿਸ਼ਵਾਸ ਸੀ ਜਿਸ ਨੇ ਉਨ੍ਹਾਂ ਨੂੰ ਇਸ ਜੀਵਨ ਵਿਚ ਸੰਭਾਲਿਆ ਅਤੇ ਭਵਿੱਖ ਦੇ ਲਈ ਉਨ੍ਹਾਂ ਨੂੰ ਉਮੀਦ ਦਿੱਤੀ ਭਾਵੇਂ "ਉਨ੍ਹਾਂ ਨੂੰ ਬਚਨ ਪਰਾਪਤ ਨਾ ਹੋਏ" ਅਤੇ ਉਹ ਮਿਸਰ ਵਿਚ ਹੀ ਮਰ ਗਏ (ਇਬਰਾਨੀਆਂ 11:13)। ਕਨਾਨ ਤੋਂ ਬਾਹਰ ਮਰ ਕੇ ਵੀ ਯਾਕੂਬ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ ਸੀ; ਵਿਸ਼ਵਾਸ ਦੇ ਦੁਆਰਾ ਉਸ ਦੀ ਅਗਵਾਈ ਕੀਤੀ ਗਈ ਕਿ ਉਹ ਆਪਣੇ ਪਰਿਵਾਰ ਨੂੰ ਹੁਕਮ ਦੇਵੇ ਕਿ ਉਹ ਉਸ ਦੀਆਂ ਹੱਡੀਆਂ ਨੂੰ ਉਸ ਦੇ ਪਿਤਾ ਅਤੇ ਦਾਦੇ ਦੇ ਨਾਲ ਮਕਫੇਲਾਹ ਦੀ ਗੁਫਾ ਵਿਚ ਰੱਖਣ (47:29-31)। ਇਹ ਇੱਕ ਪ੍ਰਦਰਸ਼ਣ ਸੀ ਕਿ ਉਸ ਨੂੰ ਉਸ ਬੇਹਤਰ ਦੇਸ ਵਿਚ ਆਪਣੇ ਪੂਰਵਜਾਂ ਦੇ ਨਾਲ ਸਾਂਝ ਪਾਉਣ ਦੀ ਆਸ ਸੀ, ਭਾਵੇਂ ਉਹ ਭਵਿੱਖ

ਦੀਆਂ ਬਰਕਤਾਂ ਦੀ ਪ੍ਰਕ੍ਰਿਤੀ ਨੂੰ ਨਹੀਂ ਸਮਝਦਾ ਸੀ।

ਫ਼ਿਰਊਨ ਨੂੰ ਆਪਣੇ ਸੰਖੇਪ ਜਾਣਕਾਰੀ ਦੇਣ ਤੋਂ ਬਾਅਦ, ਯਾਕੂਬ ਨੇ ਫਿਰ ਤੋਂ ਰਾਜੇ ਨੂੰ ਬਰਕਤ ਦਿੱਤੀ, ਪਰਮੇਸ਼ੁਰ ਚਾਹੁੰਦਾ ਹੈ ਕਿ ਉਸ ਦੇ ਹਰ ਉਮਰ ਦੇ ਲੋਕ ਉਸ ਦੇ ਆਤਮਕ ਪਰਿਵਾਰ ਤੋਂ ਬਾਹਰ ਦੇ ਲੋਕਾਂ ਦੇ ਨਾਲ ਇਸੇ ਤਰ੍ਹਾਂ ਹੀ ਕਰਨ। ਪਤਰਸ ਦੇ ਦੁਆਰਾ ਪਹਿਲੀ ਸਦੀ ਦੇ ਮਸੀਹੀਆਂ ਨੂੰ ਦਿੱਤੀ ਗਈ ਸਲਾਹ ਹਰ ਯੁੱਗ ਵਿਚ ਪਾਈ ਜਾਂਦੀ ਹੈ ਜਿਸ ਵਿਚ ਪਰਮੇਸ਼ੁਰ ਦੇ ਲੋਕ ਇੱਕ ਅਵਿਸ਼ਵਾਸੀ ਅਤੇ ਵਿਰੋਧੀ ਦੁਨੀਆਂ ਵਿਚ ਆਪਣੀ ਨਿਹਚਾ ਅਤੇ ਖਰਿਆਈ ਬਣਾਈ ਰੱਖਣ ਦੇ ਲਈ ਤਿਆਰ ਹਨ। ਇਸ ਸਲਾਹ ਦਾ ਇੱਕ ਹਿੱਸਾ 1 ਪਤਰਸ 2:11-17 ਵਿਚ ਪਾਇਆ ਜਾਂਦਾ ਹੈ, ਅਤੇ ਆਖਰੀ ਆਇਤ ਨੇ ਫ਼ਿਰਊਨ ਅਤੇ ਲੋਕਾਂ ਦੇ ਪ੍ਰਤਿ ਯਾਕੂਬ ਅਤੇ ਯੂਸੁਫ਼ ਦੇ ਦ੍ਰਿਸ਼ਟੀਕੋਣ ਨੂੰ ਪਰਗਟ ਕੀਤਾ ਹੈ: “ਸਾਰੇ ਲੋਕਾਂ ਦਾ ਆਦਰ ਕਰੋ, ਭਾਈਚਾਰੇ ਨਾਲ ਪਿਆਰ ਕਰੋ, ਪਰਮੇਸ਼ੁਰ ਤੋਂ ਡਰੋ, ਰਾਜੇ ਦਾ ਆਦਰ ਕਰੋ।” ਭਾਵੇਂ ਫ਼ਿਰਊਨ ਇੱਕ ਮੂਰਤੀਪੂਜਕ ਰਾਜਾ ਸੀ, ਫਿਰ ਵੀ ਪਰਮੇਸ਼ੁਰ ਉਸ ਦੇ ਮਨ ਵਿਚ ਕੰਮ ਕਰ ਰਿਹਾ ਸੀ ਕਿ ਉਹ ਯੂਸੁਫ਼, ਯਾਕੂਬ, ਅਤੇ ਸੰਪੂਰਣ ਘਰਾਣੇ ਨੂੰ ਬਰਕਤ ਦੇਵੇ ਅਤੇ ਸੰਭਾਲੇ (ਕਹਾਉਤਾਂ 21:1)।

ਯਾਕੂਬ ਦਾ ਜੀਵਨ ਇੱਕ ਸਥਾਨ ਤੋਂ ਦੂਸਰੇ ਸਥਾਨ ਦੇ ਰਹਿਣ ਦੀ ਇੱਕ ਯਾਤਰਾ ਰਿਹਾ ਸੀ। ਸਾਲਾਂ ਤੋਂ, ਉਸ ਨੇ ਬਹੁਤ ਸਾਰੇ ਸੰਘਰਸ਼ਾਂ ਅਤੇ ਪਰੀਖਿਆਵਾਂ ਨੂੰ ਸਹਿਆ ਸੀ; ਪਰ ਹੁਣ ਉਹ ਅਤੇ ਉਸ ਦਾ ਪਰਿਵਾਰ ਮਿਸਰ ਵਿਚ ਇਕੱਠੇ ਮਿਲ ਗਏ ਸਨ, ਯੂਸੁਫ਼ ਦੇ ਦੁਆਰਾ ਪਰਮੇਸ਼ੁਰ ਦੇ ਵਾਇਦਿਆਂ ਅਤੇ ਅਸੀਸ ਦੇ ਨਾਲ, ਉਸ ਦਾ ਵਿਸ਼ਵਾਸ ਮਜ਼ਬੂਤ ਹੋ ਗਿਆ ਸੀ ਅਤੇ ਉਸ ਦੀ ਆਸ ਫਿਰ ਤੋਂ ਨਵੀਂ ਹੋ ਗਈ ਸੀ। ਉਹ ਸਮਝ ਗਿਆ ਸੀ ਕਿ ਉਹ ਅਬਰਾਹਾਮ ਅਤੇ ਇਸਹਾਕ ਦੇ ਨਾਲ ਵਾਇਦਾ ਕੀਤੇ ਦੇਸ ਵਿਚ ਇਸ ਤੋਂ ਵੀ ਮਹਾਨ ਮਿਲਾਪ ਦਾ ਅਨੰਦ ਮਾਣੇਗਾ, ਜਿੱਥੇ ਉਸ ਨੂੰ ਦਫ਼ਨਾਇਆ ਜਾਵੇਗਾ (50:13)। ਇਸ ਲਈ ਅੱਜ ਪਰਮੇਸ਼ੁਰ ਦੇ ਲੋਕਾਂ ਦੇ ਨਾਲ ਵੀ ਅਜਿਹਾ ਹੀ ਹੈ: ਚੰਗੇ ਅਤੇ ਬੁਰੇ ਤਜ਼ਰਬਿਆਂ ਦੇ ਮਿਸ਼ਰਣ ਦੇ ਨਾਲ ਇਸ ਧਰਤੀ ਉੱਤੇ ਸਾਡਾ ਜੀਵਨ ਵੀ ਇੱਕ ਯਾਤਰਾ ਹੀ ਹੈ। ਅਸੀਂ ਕਿੱਥੇ ਰਹਿੰਦੇ ਹਾਂ ਜਾਂ ਸਾਨੂੰ ਕਿੱਥੇ ਦਫ਼ਨਾਇਆ ਜਾਂਦਾ ਹੈ ਇਹ ਮਹੱਤਵਪੂਰਣ ਨਹੀਂ ਹੈ, ਕਿਉਂਕਿ ਅਸੀਂ ਵੀ, “ਧਰਤੀ ਉੱਤੇ ਓਪਰੇ ਅਤੇ ਪਰਦੇਸੀ ਹਾਂ” (ਇਬਰਾਨੀਆਂ 11:13)। ਵਾਇਦਾ ਕੀਤਾ ਅਸਲੀ ਦੇਸ ਸੰਸਾਰਕ ਨਹੀਂ ਹੈ, ਸਗੋਂ ਸਵਰਗੀ ਹੈ। ਸਾਡੇ ਭਰੋਸੇ ਦਾ ਕਾਰਣ ਯਿਸੂ ਦੀ ਮੌਤ ਉੱਤੇ ਜਿੱਤ ਹੈ; ਉਸ ਨੇ ਸਾਨੂੰ ਉਸ ਆਸ ਤੋਂ ਵੀ ਇੱਕ ਬੇਹਤਰ ਆਸ ਦੁਵਾਈ ਹੈ ਜਿਸ ਦਾ ਸਾਡੇ ਪੁਰਖਿਆਂ ਨੇ ਤਜਰਬਾ ਕੀਤਾ ਸੀ।

ਸਾਡੀ ਪਰਮ ਆਸ ਦੇ ਵਿਸ਼ੇ ਵਿਚ, ਰਸੂਲ ਪਤਰਸ ਨੇ ਕਿਹਾ “ਓਸ ਅਵਨਾਸੀ, ਨਿਰਮਲ ਅਤੇ ਨਾ ਕੁਮਲਾਉਣ ਵਾਲੇ ਅਧਕਾਰ ਲਈ ਜੋ ਸੁਰਗ ਵਿੱਚ ਤੁਹਾਡੇ ਲਈ ਧਰਿਆ ਹੋਇਆ ਹੈ” (1 ਪਤਰਸ 1:4) ਉਨ੍ਹਾਂ ਦੇ ਲਈ ਜੋ ਆਪਣੇ ਜੀਵਨਾਂ ਨੂੰ ਉਸ ਨੂੰ ਸਮਰਪਿਤ ਕਰ ਦਿੰਦੇ ਹਨ। ਹਾਲਾਂਕਿ, ਪੁਰਾਣੇ ਨੇਮ ਦੇ ਸੰਤ ਵੀ ਸਵਰਗੀ ਘਰ ਵਿਚ ਆਪਣਾ ਹਿੱਸਾ ਪ੍ਰਾਪਤ ਕਰਨਗੇ। ਯਿਸੂ ਨੇ ਕਿਹਾ, “ਜੋ ਬਥੇਰੇ ਚੜ੍ਹਦਿਓਂ ਅਤੇ ਲਹਿੰਦਿਓਂ ਆਉਣਗੇ ਅਤੇ ਸੁਰਗ ਦੇ ਰਾਜ ਵਿੱਚ ਅਬਰਾਹਾਮ ਅਤੇ ਇਸਹਾਕ ਅਤੇ ਯਾਕੂਬ ਨਾਲ ਬੈਠਣਗੇ” (ਮੱਤੀ 8:11), ਅਤੇ ਅਜਿਹਾ ਇਸ ਲਈ ਹੈ ਕਿਉਂਕਿ ਮਸੀਹ ਦਾ ਲਹੂ ਸਾਰੇ ਲੋਕਾਂ ਦੇ ਲਈ ਪਾਪਾਂ ਦੀ ਮਾਫ਼ੀ ਨੂੰ ਲਿਆਉਂਦਾ ਹੈ ਜਿਨ੍ਹਾਂ ਨੇ ਨਵੇਂ ਅਤੇ ਪੁਰਾਣੇ ਦੋਵਾਂ ਨੇਮਾਂ ਦੇ ਤਹਿਤ ਉਸ ਦੀ ਆਗਿਆਕਾਰੀ ਕੀਤੀ ਹੈ। ਯਿਸੂ ਸਵਰਗ ਨੂੰ ਵਾਪਸ ਗਿਆ ਹੈ “ਤਾਂ ਕਿ ਸਾਡੇ ਲਈ ਜਗ੍ਹਾ ਤਿਆਰ ਕਰੇ” ਤਾਂ ਕਿ ਜਿੱਥੇ ਉਹ ਹੈ, ਅਸੀਂ ਵੀ ਉੱਥੇ “ਹੋਈਏ” (ਯੂਹੰਨਾ 14:2, 3)।

*ਉਸ ਨੇ ਮਿਸਰੀਆਂ ਨੂੰ ਬਚਾਇਆ।* ਬੁੱਧੀ ਦੇ ਦੁਆਰਾ, ਯੂਸੁਫ਼ ਨੇ ਲੋਕਾਂ ਨੂੰ ਘਾਤਕ ਗਰੀਬੀ ਤੋਂ ਬਚਾਉਣ ਦੇ ਲਈ ਮਿਸਰ ਦੀ ਆਰਥਿਕਤਾ ਦਾ ਪ੍ਰਬੰਧ ਕੀਤਾ; ਫਿਰ ਵੀ, ਅਜਿਹਾ ਕਰਨ ਦੇ

ਦੁਆਰਾ, ਉਸ ਨੇ ਉਨ੍ਹਾਂ ਨੂੰ ਇੰਨਾ ਨੀਵਾਂ ਕਰ ਦਿੱਤਾ ਕਿ ਉਹ ਗੁਲਾਮ ਬਣ ਗਏ। 47:13-26 ਵਿਚ ਬਹੁਤ ਸਾਰੇ ਵਿਦਵਾਨ ਯੂਸੁਫ਼ ਦੇ ਕੰਮਾਂ ਨੂੰ ਅਨੈਤਿਕਤਾ ਦੇ ਰੂਪ ਵਿਚ ਵੇਖਦੇ ਹਨ। ਇਸ ਭਾਗ ਵਿਚ ਕੁੱਝ ਟਿੱਪਣੀਕਾਰਾਂ ਨੇ ਯੂਸੁਫ਼ ਤੇ ਦੋਸ਼ ਲਾਇਆ ਹੈ ਕਿ ਅਕਾਲ ਦੇ ਦੌਰਾਨ ਉਸ ਨੇ ਜਿਸ ਢੰਗ ਦੇ ਨਾਲ ਭੋਜਨ ਦੀ ਸੰਭਾਲ ਕੀਤੀ ਸੀ ਉਹ ਪਰਮੇਸ਼ੁਰ ਦੁਆਰਾ ਦਿੱਤੀ ਗਈ ਬੁੱਧ ਤੋਂ ਉਲਟ ਅਤੇ ਸੰਸਾਰ ਦੀ ਬੁੱਧ ਦੇ ਅਨੁਸਾਰ ਹੈ। ਜਿਉਂ ਜਿਉਂ ਅਕਾਲ ਹੋਰ ਗੰਭੀਰ ਹੁੰਦਾ ਗਿਆ ਅਤੇ ਲੋਕ ਹੋਰ ਵੀ ਨਿਰਾਸ਼ ਹੋ ਗਏ ਤਾਂ ਉਹ ਯੂਸੁਫ਼ ਦੇ ਰਵੱਈਏ ਅਤੇ ਚਰਿੱਤਰ ਵਿਚ ਆਏ ਬਦਲਾਅ ਨੂੰ ਲੱਭਦੇ ਹਨ। ਇਸ ਤੋਂ ਪਹਿਲਾਂ, ਉਹ ਇੱਕ ਬੁੱਧੀਮਾਨ ਅਤੇ ਦਿਆਲੂ ਸ਼ਾਸਕ ਸੀ, ਜਿਸ ਨੇ ਪਰਮੇਸ਼ੁਰ ਦੀ ਮਰਜ਼ੀ ਦੇ ਅਨੁਸਾਰ ਅਤੇ ਉੱਤਮ ਹਿੱਤਾਂ ਦੇ ਲਈ ਕੰਮ ਕੀਤਾ, ਜਦਕਿ ਉਸ ਨੇ ਆਪਣੇ ਪਰਿਵਾਰ ਨੂੰ ਵੀ ਪ੍ਰਦਾਨ ਕੀਤਾ ਸੀ। ਪਰ, ਜਦੋਂ ਅਕਾਲ ਨਿਰੰਤਰ ਚੱਲਦਾ ਰਿਹਾ, ਤਾਂ ਕੁੱਝ ਆਲੋਚਕਾਂ ਨੇ ਯੂਸੁਫ਼ ਦੀ ਨੈਤਿਕਤਾ ਤੇ ਵੀ ਸਵਾਲ ਉਠਾਇਆ ਹੈ। ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣਾ ਯੋਗ ਹੈ।

ਭਾਵੇਂ ਉਸ ਨੇ ਮਿਸਰ ਦੇ ਲੋਕਾਂ ਨੂੰ ਗੁਲਾਮ ਬਣਾਇਆ ਸੀ, ਪਰ ਯੂਸੁਫ਼ ਨੇ ਹਮੇਸ਼ਾ ਉਸੇ ਬੁੱਧ ਦਾ ਹੀ ਸਹਾਰਾ ਲਿਆ ਸੀ ਜੋ "ਉੱਪਰੋਂ ਉਤਰ ਆਉਂਦੀ ਹੈ" (ਪਰਮੇਸ਼ੁਰ ਤੋਂ), ਨਾ ਕਿ ਜੋ "ਸੰਸਾਰੀ" (ਸ਼ਤਾਨ ਤੋਂ) ਹੈ (ਵੇਖੋ ਯਾਕੂਬ 3:15)। ਇੱਕ ਕਠੋਰ ਸਥਿਤੀ ਵਿਚ ਉਸ ਨੇ ਉਹੀ ਕੀਤਾ ਜੋ ਮਿਸਰੀ ਲੋਕਾਂ ਅਤੇ ਪਰਮੇਸ਼ੁਰ ਦੇ ਚੁਣੇ ਹੋਏ ਲੋਕਾਂ ਨੂੰ ਬਚਾਉਣ ਦੇ ਲਈ ਜ਼ਰੂਰੀ ਸੀ।

1. ਇੱਕ ਵਿਆਖਿਆ ਕਰਨ ਵਾਲੇ ਦੇ ਅਨੁਸਾਰ, ਜਿਉਂ ਜਿਉਂ ਸਮਾਂ ਬੀਤਦਾ ਗਿਆ, ਯੂਸੁਫ਼ ਨੇ ਪਾਖੰਡੀ ਤਰੀਕੇ ਦੇ ਨਾਲ ਕੰਮ ਕੀਤਾ ਅਤੇ ਇਸ ਨੈਤਿਕ ਬਦਲਾਅ ਦਾ ਪ੍ਰਦਰਸ਼ਣ ਕੀਤਾ। ਉਸ ਨੇ ਹੌਲੀ ਹੌਲੀ ਮਿਸਰ ਦਾ ਸਾਰਾ ਧਨ, ਮਾਲ-ਡੰਗਰ, ਜ਼ਮੀਨ, ਅਤੇ ਆਜ਼ਾਦੀ ਨੂੰ ਖੋਹ ਲਿਆ। ਇਸ ਦਾ ਅਰਥ ਇਹ ਹੈ ਕਿ ਯੂਸੁਫ਼ ਨੇ ਇੱਕੋ ਹੀ ਸਮੇਂ ਵਿਚ ਆਪਣੇ ਨੈਤਿਕਤਾ ਘੇਰੇ ਨੂੰ ਤੋੜ ਲਿਆ ਅਤੇ "ਪਰਮੇਸ਼ੁਰ ਅਤੇ ਧਨ" ਦੋਵਾਂ ਦੀ ਸੇਵਾ ਕਰਨ ਦੀ ਕੋਸ਼ਿਸ਼ ਕੀਤਾ (ਵੇਖੋ ਮੱਤੀ 6:24)। ਪਰ, ਜਦੋਂ ਲੋਕਾਂ ਨੇ ਅੰਨ ਖਰੀਦਣ ਦੇ ਲਈ ਆਪਣਾ ਸਾਰਾ ਧਨ, ਮਾਲ-ਡੰਗਰ, ਅਤੇ ਜ਼ਮੀਨ ਯੂਸੁਫ਼ ਨੂੰ ਦੇ ਦਿੱਤਾ, ਤਾਂ ਉਸ ਨੇ ਆਪਣੇ ਆਪ ਜਾਂ ਆਪਣੇ ਰਿਸ਼ਤੇਦਾਰਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਧਨੀ ਨਹੀਂ ਬਣਾਇਆ; ਇਸ ਦੀ ਬਜਾਇ, ਉਸ ਨੇ "ਉਹ ਚਾਂਦੀ ਫ਼ਿਰਊਨ ਦੇ ਘਰ ਲੈਂ ਆਂਦੀ" (47:14)। ਇਹ ਜ਼ਰੂਰੀ ਸੀ ਕਿ ਉਹ ਦੇਸ ਦੀ ਭਲਾਈ ਦੇ ਲਈ ਧਨ ਇਕੱਠਾ ਕਰਦਾ। ਆਖਿਰਕਾਰ, ਮਿਸਰੀ ਸਰਕਾਰ ਨੇ ਕਾਮਿਆਂ ਨੂੰ ਦੇਣ, ਚੀਜ਼ਾਂ ਖਰੀਦਣ, ਗੋਦਾਮ ਬਣਾਉਣ, ਅਤੇ ਉਨ੍ਹਾਂ ਨੂੰ ਅੰਨ ਨਾਲ ਭਰਨ ਵਿਚ ਬਹੁਤ ਹੀ ਪੈਸਾ ਖਰਚ ਕੀਤਾ ਸੀ ਤਾਂ ਕਿ ਭੁੱਖੇ ਮਰਨ ਤੋਂ ਬਚਿਆ ਜਾ ਸਕੇ। ਦਰਅਸਲ, ਸਰਕਾਰ ਹੁਣ ਵੀ ਬਹੁਤ ਸਾਰੇ ਸਿਵਲ ਸੇਵਕਾਂ ਨੂੰ ਮਦਦ ਦੇ ਰਹੀ ਸੀ। ਇਨ੍ਹਾਂ ਦੀ ਲੋੜ ਸਿਰਫ ਸਰਕਾਰ ਨੂੰ ਚਲਾਉਣ ਵਿਚ ਹੀ ਸੀ, ਸਗੋਂ ਗੋਦਾਮਾਂ ਦੀ ਰਾਖੀ ਕਰਨ ਦੇ ਲਈ ਤਾਂ ਕਿ ਚੋਰ ਉਨ੍ਹਾਂ ਵਿਚੋਂ ਅਨਾਜ ਚੋਰੀ ਨਾ ਕਰ ਲੈਣ, ਕਾਨੂੰਨ ਤੋੜਣ ਵਾਲਿਆਂ ਦਾ ਨਿਆਂ ਕਰਨ, ਅੰਦਰੂਨੀ ਦੰਗਿਆਂ ਨੂੰ ਰੋਕਣ, ਕਿਸੇ ਵਿਦੇਸੀ ਹਮਲੇ ਦੇ ਖਿਲਾਫ ਸੁਰੱਖਿਆ ਦੇ ਲਈ ਜੋ ਜਿੱਤ ਹਾਸਲ ਕਰ ਕੇ ਅਨਾਜ ਹਾਸਲ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ।

2. ਹਾਲਾਂਕਿ ਇਹ ਸੱਚ ਹੈ ਕਿ ਯੂਸੁਫ਼ ਨੇ ਆਪਣੇ ਪਰਿਵਾਰ ਕੋਲੋਂ ਜ਼ਮੀਨ ਜਬਤ ਨਹੀਂ ਕੀਤੀ ਸੀ ਜਿਵੇਂ ਉਸ ਨੇ ਮਿਸਰੀਆਂ ਦੀਆਂ ਭੀੜਾਂ ਦੀਆਂ ਭੀੜਾਂ ਕੋਲੋਂ ਕੀਤੀ ਸੀ, ਪੂਰੇ ਮਿਸਰ ਦੇਸ ਦੀ ਤੁਲਨਾ ਵਿਚ ਪੰਞੱਤਰ ਲੋਕ ਬਹਤ ਹੀ ਥੋੜੇ ਜਿਹੇ ਸਨ। ਇਸ ਤੋਂ ਇਲਾਵਾ, ਯਾਕੂਬ ਅਤੇ ਉਸ ਦੇ ਪੁੱਤਰਾਂ ਨੇ ਮਿਸਰ ਵਿਚ ਸਥਾਈ ਨਿਵਾਸ ਦੀ ਬੇਨਤੀ ਨਹੀਂ ਕੀਤੀ ਸੀ; ਇਸ ਦੀ ਬਜਾਇ, ਉਨ੍ਹਾਂ ਨੇ ਗੋਸ਼ਨ ਵਿਚ ਸਿਰਫ ਟਿਕਣ ਦੇ ਲਈ ਬੇਨਤੀ ਕੀਤੀ ਸੀ (47:4)। ਉਨ੍ਹਾਂ ਦੀ ਬੇਨਤੀ ਦੇ ਬਾਵਜੂਦ, ਯੂਸੁਫ਼ ਨੇ ਫ਼ਿਰਊਨ ਦੀ ਬਰਕਤ ਦੇ ਦੁਆਰਾ ਉਨ੍ਹਾਂ ਨੂੰ ਪੂਰਬੀ ਡੇਲਟੇ ਦੇ

ਬਾਹਰੀ ਇਲਾਕੇ ਵਿਚ ਜ਼ਮੀਨ ਦਿੱਤੀ ਸੀ, ਜਿੱਥੇ ਉਹ ਰਹਿ ਸਕਦੇ ਸਨ ਅਤੇ ਆਪਣੇ ਝੁੰਡਾਂ ਨੂੰ ਚਰਾ ਸਕਦੇ ਸਨ। ਮਿਸਰ ਵਿਚ ਅਜਿਹੇ ਅਪਵਾਦ ਦੀ ਕੋਈ ਉਦਾਹਰਣ ਨਹੀਂ ਸੀ। ਫ਼ਿਰਊਨ ਨੇ ਮੰਦਰ ਦੇ ਪੁਜਾਰੀਆਂ ਨੂੰ ਖੇਤੀਬਾੜੀ ਕਰਨ ਲਈ ਜ਼ਮੀਨ ਅਤੇ ਰਹਿਣ ਦੇ ਲਈ ਸਥਾਈ ਘਰ ਵੀ ਸਥਾਈ ਤੌਰ ਤੇ ਦਿੱਤੇ ਹੋਏ ਸਨ ਜਿਨ੍ਹਾਂ ਤੇ ਸਰਕਾਰ ਦੇ ਦੁਆਰਾ ਟੈਕਸ ਨਹੀਂ ਲਗਾਇਆ ਜਾ ਸਕਦਾ ਸੀ ਅਤੇ ਨਾ ਹੀ ਜਬਤ ਕੀਤਾ ਜਾ ਸਕਦਾ ਸੀ (47:22)। ਨਿਯਮ ਦਾ ਅਪਵਾਦ ਜਿਸ ਦਾ ਅਨੰਦ ਯਾਕੂਬ ਦਾ ਪਰਿਵਾਰ ਮਾਣ ਰਿਹਾ ਸੀ ਉਹ ਉਸੇ ਦੇ ਸਮਾਨ ਸੀ ਜੋ ਪੁਜਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਦਿੱਤਾ ਗਿਆ ਸੀ।

3. ਮਿਸਰ ਦੇ ਲੋਕ ਜਿਨ੍ਹਾਂ ਨੂੰ ਯੂਸੁਫ਼ ਨੇ ਗੁਲਾਮ ਬਣਾਇਆ ਹੋਇਆ ਸੀ ਉਨ੍ਹਾਂ ਨੇ ਉਸ ਨੂੰ ਇੱਕ ਨਿਰਦਈ ਸ਼ਖਸੀਅਤ ਨਹੀਂ ਸਮਝਿਆ ਸੀ। ਇਸ ਦੇ ਉਲਟ, ਉਨ੍ਹਾਂ ਨੇ ਉਸ ਦੀ ਸ਼ਲਾਘਾ ਕੀਤੀ ਕਿ ਉਸ ਨੇ ਉਨ੍ਹਾਂ ਨੂੰ ਭੁੱਖੇ ਮਰਨ ਤੋਂ ਬਚਾਇਆ ਸੀ: "ਤੁਸਾਂ ਸਾਡੀਆਂ ਜਾਨਾਂ ਬਚਾਈਆਂ ਹਨ। ਸਾਡੇ ਸਵਾਮੀ ਦੀ ਆਪਣੇ ਦਾਸਾਂ ਉੱਤੇ ਦਯਾ ਦੀ ਨਿਗਾਹ ਹੋਵੇ ਤਾਂ ਅਸੀਂ ਫ਼ਿਰਊਨ ਦੇ ਦਾਸ ਹੋਵਾਂਗੇ" (47:25)। ਯੂਸੁਫ਼ ਦੇ ਦੁਆਰਾ ਗੁਲਾਮ ਬਣਾਏ ਜਾਣ ਵਾਲੇ ਲੋਕਾਂ ਦਾ ਅਜਿਹਾ ਰਵੱਈਆ ਇੱਕਵੀਂ ਸਦੀ ਦੇ ਲੋਕਾਂ ਦੇ ਲਈ ਅਵਿਸ਼ਵਾਸਯੋਗ ਪ੍ਰਤੀਕ ਹੋ ਸਕਦਾ ਹੈ, ਪਰ ਉਨ੍ਹਾਂ ਦੀ ਘ੍ਰਿਣਾ ਨੇ ਪ੍ਰਾਚੀਨ ਦੁਨੀਆਂ ਦੇ ਗੁਲਾਮਾਂ ਦੇ ਵਿਸ਼ੇ ਵਿਚ ਸਮਝ ਦੀ ਕਮੀ ਨੂੰ ਦਰਸਾਇਆ ਹੈ। ਯੂਸੁਫ਼ ਨੇ ਮਿਸਰ ਵਿਚ ਜਿਸ ਕਿਸਮ ਦੀ ਗੁਲਾਮੀ ਦੀ ਸਥਾਪਨਾ ਕੀਤੀ ਸੀ ਉਹ ਉਸ ਤੋਂ ਅਲੱਗ ਹੋ ਜਿਸ ਦੀ ਤਸਵੀਰ ਅੱਜ ਲੋਕ ਬਣਾਉਂਦੇ ਹਨ।

ਜਦਕਿ ਪੁਰਾਤਨ ਯੁੱਗ ਦੀਆਂ ਸਾਰੀਆਂ ਸੰਸਕ੍ਰਿਤੀਆਂ ਨੇ ਗੁਲਾਮਾਂ ਨੂੰ ਆਪਣੇ ਮਾਲਕਾਂ ਦੀ ਜਾਇਦਾਦ ਦੇ ਰੂਪ ਵਿਚ ਵੇਖਿਆ ਸੀ, ਪਰ ਗੁਲਾਮ ਰੱਖਣ ਵਾਲੇ ਲੋਕ ਜ਼ਿਆਦਾਤਰ ਮਨੁੱਖੀ ਸਨ, ਖਾਸ ਤੌਰ ਤੇ ਯੂਸੁਫ਼ ਦੇ ਪਿਉ ਦਾਦਿਆਂ ਦੇ ਵਿਚਕਾਰ। ਗੁਲਾਮਾਂ ਨੂੰ ਜਾਂ ਲਿੰਗਕ ਵਸਤੂਆਂ ਦੀ ਬਜਾਇ ਇੱਜ਼ਤ ਦੀ ਨਜ਼ਰ ਦੇ ਨਾਲ ਵੇਖਿਆ ਜਾਂਦਾ ਸੀ। ਕਈਆਂ ਨੂੰ ਪਰਿਵਾਰ ਦੇ ਵਿਸ਼ਵਾਸਯੋਗ ਮੈਂਬਰਾਂ ਦੇ ਰੂਪ ਵਿਚ ਵੇਖਿਆ ਜਾਂਦਾ ਸੀ। ਉਦਾਹਰਣ ਦੇ ਤੌਰ ਤੇ, ਅਬਰਾਹਾਮ ਦੇ ਕੋਲ 318 ਸਿਖਲਾਈ ਪ੍ਰਾਪਤ ਅਤੇ ਵਿਸ਼ਵਾਸਯੋਗ ਗੁਲਾਮ ਸਨ ਜੋ ਉਸ ਦੇ ਘਰ ਵਿਚ ਜੰਮੇ ਸਨ। ਇਸ ਦਾ ਅਰਥ ਇਹ ਹੈ ਕਿ ਉਨ੍ਹਾਂ ਦੇ ਮਾਤਾ-ਪਿਤਾ ਅਬਰਾਹਾਮ ਦੇ ਪਰਿਵਾਰ ਦੇ ਗੁਲਾਮ ਰਹੇ ਸਨ, ਅਤੇ ਇਸ ਲਈ ਉਨ੍ਹਾਂ ਦੇ ਬੱਚੇ ਗੁਲਾਮਾਂ ਦੇ ਰੂਪ ਵਿਚ ਜੰਮੇ ਸਨ। ਜਦੋਂ ਪੁਰਖੇ ਨੇ ਇਨ੍ਹਾਂ ਮਨੁੱਖਾਂ ਨੂੰ ਇੱਕ ਖਤਰਨਾਕ ਸਥਿਤੀ ਵਿਚ ਬੁਲਾਇਆ, ਤਾਂ ਉਹ ਆਪਣੇ ਮਾਲਕ ਦੇ ਲਈ ਇੱਕ ਹਮਲਾਵਰ ਸੈਨਾ ਦੇ ਵਿਰੁੱਧ ਬਹਾਦੁਰੀ ਦੇ ਨਾਲ ਲੜੇ। ਉਨ੍ਹਾਂ ਨੇ ਸਿਰਫ ਮਸੋਪੋਤਾਮੀਆ ਦੇ ਚਾਰ ਰਾਜਿਆਂ ਨੂੰ ਸਖਤ ਮੁਸ਼ਕਲਾਂ ਦੇ ਬਾਵਜੂਦ ਹਰਾ ਦਿੱਤਾ ਸੀ, ਸਗੋਂ ਉਨ੍ਹਾਂ ਨੇ ਲੂਤ, ਉਸ ਦੇ ਪਰਿਵਾਰ, ਅਤੇ ਬੰਦੀ ਬਣਾ ਕੇ ਲੈ ਜਾਏ ਜਾਣ ਵਾਲੇ ਯਰਦਨ ਘਾਟੀ ਦੇ ਹੋਰਨਾਂ ਲੋਕਾਂ ਨੂੰ ਵੀ ਬਚਾਇਆ ਸੀ (14:14)।

ਇੱਕ ਹੋਰ ਉਦਾਹਰਣ ਅਬਰਾਹਾਮ ਦੇ ਸਭ ਤੋਂ ਪੁਰਾਣੇ ਗੁਲਾਮ ਦੀ ਸੀ, ਜੋ ਉਸ ਦੇ ਸਾਰੇ ਘਰ ਤੇ ਮੁਖ਼ਤਿਆਰ ਸੀ। ਪੁਰਖਾ ਉਸ ਤੇ ਇਨ੍ਹਾਂ ਭਰੋਸਾ ਕਰਦਾ ਸੀ ਕਿ ਉਸ ਨੂੰ ਸੋਨੇ, ਚਾਂਦੀ, ਸੁੰਦਰ ਕੱਪੜਿਆਂ, ਅਤੇ ਹੋਰਨਾਂ ਕੀਮਤੀ ਤੋਹਫ਼ਿਆਂ ਦੇ ਨਾਲ ਹਾਰਾਨ ਨੂੰ ਘੱਲਿਆ ਸੀ, ਜਿਸ ਨੂੰ ਉਹ ਇਸਹਾਕ ਦੀ ਪਤਨੀ ਨੂੰ ਸੁਰੱਖਿਅਤ ਕਰਨ ਦੇ ਲਈ ਵਰਤ ਸਕਦਾ ਸੀ। ਇਹ ਨੌਕਰ ਆਪਣੇ ਮਾਲਕ ਨਾਲ ਪਿਆਰ ਕਰਦਾ ਸੀ ਅਤੇ ਉਸ ਦਾ ਆਦਰ ਕਰਦਾ ਸੀ ਅਤੇ ਅਬਰਾਹਾਮ ਦੇ ਪਰਮੇਸ਼ੁਰ ਦਾ ਇੱਕ ਵਿਸ਼ਵਾਸੀ ਬਣ ਗਿਆ ਸੀ। ਉਸ ਨੂੰ ਵਿਸ਼ਵਾਸ ਸੀ ਕਿ ਇੱਕ ਸਵਰਗਦੂਤ ਉਸਦਾ ਮਾਰਗ ਦਰਸ਼ਣ ਕਰੇਗਾ ਅਤੇ ਰਿਬਕਾਹ ਦੇ ਨਾਲ ਮੁਲਾਕਾਤ ਹੋ ਜਾਣ ਦੇ ਪਿੱਛੋਂ ਉਸ ਨੇ ਪ੍ਰਾਰਥਨਾ ਦਾ ਉੱਤਰ ਦੇਣ ਦੇ ਲਈ ਪਰਮੇਸ਼ੁਰ ਦਾ ਧੰਨਵਾਦ ਕੀਤਾ। ਸ਼ਾਇਦ ਇਹੋ ਕਾਰਣ ਸੀ ਕਿ

ਹਾਰਾਨ ਵਿਚ ਅਬਰਾਹਾਮ ਦੇ ਰਿਸ਼ਤੇਦਾਰਾਂ ਨੇ ਰਿਬਕਾਹ ਨੂੰ ਇਸਹਾਕ ਦੀ ਪਤਨੀ ਬਣਨ ਦੇ ਲਈ ਉਸ ਦੇ ਨਾਲ ਭੇਜ ਦਿੱਤਾ ਸੀ (24:1-67): ਇੱਕ ਦਾਸ ਜਿਸ ਦੇ ਮਾਲਕ ਨੂੰ ਉਸ ਉੱਤੇ ਇੰਨਾ ਭਰੋਸਾ ਸੀ ਕਿ ਉਸ ਨੇ ਸੋਨੇ, ਚਾਂਦੀ, ਕੀਮਤੀ ਕੱਪੜਿਆਂ, ਅਤੇ ਹੋਰਨਾਂ ਕੀਮਤੀ ਚੀਜ਼ਾਂ ਨਾਲ ਲੱਦੇ ਦਸ ਊਠਾਂ ਉਸ ਨੂੰ ਦੇ ਕੇ ਭੇਜਿਆ ਸੀ ਉਹ ਜ਼ਰੂਰ ਇੰਨਾ ਭਰੋਸੇਯੋਗ ਸੀ ਕਿ ਰਿਬਕਾਹ ਨੂੰ ਉਸ ਦੇ ਪਤੀ ਇਸਹਾਕ ਦੇ ਕੋਲ ਪਹੁੰਚਾ ਦੇਵੇਗਾ, ਜੋ ਅਬਰਾਹਾਮ ਦਾ ਪੁੱਤ੍ਰ ਸੀ।

ਇੱਕ ਹੋਰ ਕਿਸਮ ਦੀ ਗੁਲਾਮੀ ਜੋ ਪ੍ਰਾਚੀਨ ਨੇੜਲੇ ਪੂਰਬ ਵਿਚ ਆਮ ਸੀ ਉਹ ਸੁਰੀਤਾਂ ਨੂੰ ਲੈਣ ਦੀ ਸੀ। ਜਿਲਫਾਹ ਅਤੇ ਬਿਲਹਾਹ ਜਵਾਨ ਦਾਸੀਆਂ ਸਨ ਜਿਨ੍ਹਾਂ ਨੂੰ ਲਾਬਾਨ ਰਾਖੇਲ ਅਤੇ ਲੇਆਹ ਨੂੰ ਲਾਬਾਨ ਨੇ ਵਿਆਹ ਦੇ ਤੋਹਫ਼ੇ ਵਜੋਂ ਦਿੱਤਾ ਸੀ ਜਦੋਂ ਉਨ੍ਹਾਂ ਦਾ ਵਿਆਹ ਯਾਕੂਬ ਦੇ ਨਾਲ ਹੋਇਆ ਸੀ (29:24, 29)। ਉਹ ਯਾਕੂਬ ਦੀਆਂ ਸੁਰੀਤਾਂ ਬਣ ਗਈਆਂ ਸਨ ਕਿਉਂਕਿ ਲੇਆਹ ਅਤੇ ਰਾਖੇਲ ਦੇ ਦੁਆਰਾ ਆਪਣੇ ਪਤੀ ਨੂੰ ਵਧੇਰੇ ਪੁੱਤਰ ਦੇਣ ਦਾ ਮੁਕਾਬਲਾ ਚੱਲ ਰਿਹਾ ਸੀ, ਭਾਵੇਂ ਉਹ ਆਪ ਕਰਨ ਭਾਵੇਂ ਕਿਸੇ ਪ੍ਰਤਿਨਿਧੀ ਦੇ ਦੁਆਰਾ (30:1-13)। ਇਨ੍ਹਾਂ ਦੋਵਾਂ ਇਸਤਰੀਆਂ ਨੂੰ ਯਾਕੂਬ ਨੇ ਗੁਲਾਮਾਂ ਦੇ ਰੂਪ ਵਿਚ ਨਹੀਂ ਜਾਣਿਆ, ਪਰ ਪਤਨੀਆਂ ਦੇ ਰੂਪ ਵਿਚ; ਅਤੇ ਉਨ੍ਹਾਂ ਦੇ ਪੁੱਤਰਾਂ ਨੂੰ ਗੁਲਾਮ ਨਹੀਂ ਗਿਣਿਆ ਗਿਆ, ਪਰ ਯਾਕੂਬ ਦੀ ਜਾਇਜ਼ ਸੰਤਾਨ ਦੇ ਰੂਪ ਵਿਚ ਵੇਖਿਆ ਗਿਆ ਸੀ। ਉਹ ਆਪਣੇ ਪਿਤਾ ਦੀਆਂ ਬਰਕਤਾਂ ਦੇ ਸਾਂਝੀ ਹੋਏ (49:1-27), ਅਤੇ ਉਨ੍ਹਾਂ ਨੂੰ ਇਸਰਾਏਲ ਦੇ ਬਾਰ੍ਹਾਂ ਗੋਤਾਂ ਵਿਚੋਂ ਚਾਰ ਗੋਤਾਂ ਦੇ ਮੁਖੀਆਂ ਦੇ ਰੂਪ ਵਿਚ ਜਾਣਿਆ ਗਿਆ (49:28)। ਉਨ੍ਹਾਂ ਦੀ ਸੰਤਾਨ ਨੂੰ ਵਿਰਾਸਤ ਵਿਚੋਂ ਹਿੱਸਾ ਦਿੱਤਾ ਗਿਆ ਜਦੋਂ ਯਹੋਸ਼ੁਆ ਦੀ ਅਗਵਾਈ ਦੇ ਹੇਠ ਇਸਰਾਏਲ ਨੇ ਕਨਾਨ ਤੇ ਹਮਲਾ ਕੀਤਾ ਅਤੇ ਆਖਿਰਕਾਰ ਉਹ ਸਾਰਾ ਦਾਊਦ ਦੇ ਅਧੀਨ ਆ ਗਿਆ।

ਸਥਿਤੀ ਦੇ ਆਧਾਰ ਤੇ, ਕਦੀ ਕਦੀ ਮੂਰਤੀਪੂਜਕ ਸਮਾਜਾਂ ਵਿਚ ਗੁਲਾਮੀ ਦੇ ਲਈ ਮਨੁੱਖੀ ਪੱਖ ਨੂੰ ਵੇਖਿਆ ਜਾਂਦਾ ਹੈ; ਅਤੇ ਇਹ ਬਾਈਬਲ ਵਿਚ ਵੇਖਿਆ ਜਾਂਦਾ ਹੈ। ਪੋਟੀਫ਼ਰ ਨੇ ਯੂਸੁਫ਼ ਦੇ ਨਾਲ ਦਿਆਲੂਤਾ ਭਰਿਆ ਵਿਹਾਰ ਕੀਤਾ – ਉਸ ਨੇ ਉਸ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਦੀ ਬਜਾਇ ਜੇਲ੍ਹ ਵਿਚ ਪਾ ਦਿੱਤਾ – ਭਾਵੇਂ ਉਸ ਦੇ ਉੱਤੇ ਆਪਣੇ ਮਾਲਕ ਦੀ ਪਤਨੀ ਦੇ ਦੁਆਰਾ ਬਲਾਤਕਾਰ ਕਰਨ ਦੀ ਕੋਸ਼ਿਸ਼ ਕਰਨ ਦਾ ਗੰਭੀਰ ਦੋਸ਼ ਲਾਇਆ ਗਿਆ ਸੀ (39:6-20)। ਭਾਵੇਂ ਇਹ ਨਿਯਮ ਦਾ ਇੱਕ ਅਪਵਾਦ ਸੀ, ਪਰ ਇਹ ਸਪੱਸ਼ਟ ਕਰਦਾ ਹੈ ਕਿ ਸਾਰੇ ਮੂਰਤੀਪੂਜਕ ਗੁਲਾਮਧਾਰਕਾਂ ਨੇ ਆਪਣੇ ਗੁਲਾਮਾਂ ਨੂੰ ਬਰਬਾਦ ਨਹੀਂ ਕੀਤਾ ਸੀ – ਖਾਸ ਤੌਰ ਤੇ ਜੋ ਯੂਸੁਫ਼ ਵਰਗੇ ਵਿਸ਼ਵਾਸਯੋਗ ਲੋਕ ਹੁੰਦੇ ਸਨ। ਕਿਉਂਕਿ ਪੁਰਾਤਨ ਮੂਰਤੀਪੂਜਕ ਸਮਾਜਾਂ ਵਿਚ ਗੁਲਾਮੀ ਦੇ ਕਾਨੂੰਨ ਸਮਾਨ ਨਹੀਂ ਸਨ, ਇਸ ਵਿਚ ਕੋਈ ਹੈਰਾਨੀ ਦੀ ਗੱਲ ਨਹੀਂ ਹੈ ਕਿ ਉਹ ਇਸਰਾਏਲੀ ਕਾਨੂੰਨਾਂ ਤੋਂ ਵੀ ਕਈ ਤਰੀਕਿਆਂ ਦੇ ਨਾਲ ਭਿੰਨ ਸਨ। ਇੱਕ ਉਦਾਹਰਣ ਕਿ ਜੋ ਵਿਸ਼ੇਸ਼ ਦਿਲਚਸਪੀ ਵਾਲੀ ਹੈ ਉਹ ਇਹ ਸੱਚਾਈ ਹੈ ਕਿ, ਮੂਸਾ ਦੀ ਸ਼ਰਾ ਦੇ ਤਹਿਤ, ਇੱਕ ਵਿਅਕਤੀ ਜੋ ਆਪਣਾ ਕਰਜ਼ ਨਹੀਂ ਭਰ ਸਕਦਾ ਸੀ ਉਹ ਆਪਣਾ ਕਰਜ਼ ਲਾਹੁਣ ਦੇ ਲਈ ਆਪਣੇ ਆਪ ਨੂੰ ਗੁਲਾਮ ਹੋਣ ਦੇ ਲਈ ਵੇਚ ਕੇ ਆਪਣਾ ਕਰਜ਼ਾ ਭਰ ਸਕਦਾ ਸੀ। ਪਰ, ਛੇਆਂ ਸਾਲਾਂ ਦੀ ਸੇਵਾ ਤੋਂ ਬਾਅਦ, ਉਸ ਨੂੰ ਆਜ਼ਾਦ ਕਰ ਦਿੱਤਾ ਜਾਂਦਾ ਸੀ; ਅਤੇ ਉਸ ਨੂੰ ਖਾਲੀ ਹੱਥ ਨਹੀਂ ਭੇਜਿਆ ਜਾਂਦਾ ਸੀ। ਉਸ ਨੂੰ ਆਪਣੇ ਮਾਲਕ ਦੇ ਝੁੰਡ ਵਿਚੋਂ ਜਾਨਵਰ, ਉਸ ਦੇ ਟੱਬ ਚੋਂ ਮੈ, ਅਤੇ ਉਸ ਦੇ ਖੇਤਾਂ ਵਿਚੋਂ ਅੰਨ ਦਿੱਤਾ ਜਾਂਦਾ ਸੀ ਤਾਂ ਕਿ ਉਹ ਇੱਕ ਆਜ਼ਾਦ ਮਨੁੱਖ ਦੇ ਰੂਪ ਵਿਚ ਆਪਣੇ ਨਵੇਂ ਜੀਵਨ ਨੂੰ ਸ਼ੁਰੂ ਕਰ ਸਕੇ (ਬਿਵਸਥਾ ਸਾਰ 15:12-15)। ਜੇਕਰ ਉਸ ਦੇ ਮਾਲਕ ਨੇ ਉਸ ਦੇ ਨਾਲ ਪਿਆਰ ਅਤੇ ਆਦਰ ਦਾ ਵਿਹਾਰ ਕੀਤਾ ਹੋਵੇ, ਤਾਂ ਉਹ ਜੀਵਨ ਭਰ ਦੇ ਲਈ ਉਸ ਦਾ ਦਾਸ ਬਣੇ ਰਹਿਣ ਨੂੰ ਚੁਣ ਸਕਦਾ ਸੀ (15:16, 17)। ਫਿਰ ਵੀ, ਜੇ ਉਹ ਆਜ਼ਾਦ ਹੋ

ਕੇ ਚਲੇ ਜਾਣ ਦਾ ਫ਼ੈਸਲਾ ਕਰ ਲਵੇ, ਤਾਂ ਉਸ ਦਾ ਮਾਲਕ ਕੋਈ ਗਿਲਾ-ਸ਼ਿਕਵਾ ਨਹੀਂ ਕਰ ਸਕਦਾ ਸੀ। ਇੱਕ ਸਾਬਕਾ ਮਾਲਕ ਜੋ ਆਪਣੇ ਦਾਸ ਨੂੰ ਇੱਕ ਆਜ਼ਾਦ ਆਦਮੀ ਬਣਨ ਦੀ ਇਜਾਜ਼ਤ ਦਿੰਦਾ ਸੀ ਉਸ ਦਿ ਨਾਲ ਪਰਮੇਸ਼ੁਰ ਦਾ ਵਾਇਦਾ ਸੀ ਕਿ ਉਹ ਉਸ ਨੂੰ ਇੱਕ ਵਿਸ਼ੇਸ਼ ਬਰਕਤ ਦੇਵੇਗਾ।

ਵਿਵਸਥਾ ਦੇ ਕਾਨੂੰਨ ਵਿਚ ਗੁਲਾਮੀ ਦੇ ਨਾਲ ਸੰਬੰਧਤ ਇਹ ਉਦਾਹਰਣ ਇਸ ਪ੍ਰਸੰਗ ਵਿਚ ਸੱਚਮੁੱਚ ਦਿਲਚਸਪ ਹੈ। ਕੁੱਝ ਮਾਮਲਿਆਂ ਵਿਚ, ਮਿਸਰੀ ਲੋਕਾਂ ਨੂੰ ਗੁਲਾਮ ਬਣਾਉਣ ਦੀਆਂ ਯੂਸੁਫ਼ ਦੀਆਂ ਸ਼ਰਤਾਂ ਨੂੰ ਇਸੇ ਤਰ੍ਹਾਂ ਦੇ ਕਾਨੂੰਨ ਦੇ ਪੂਰਵ-ਪੂਰਵਕ ਵਜੋਂ ਵੇਖਿਆ ਜਾਂਦਾ ਹੈ। ਜਦੋਂ ਯੂਸੁਫ਼ ਨੇ ਮਿਸਰੀਆਂ ਨੂੰ ਫ਼ਿਰਊਨ ਦੇ ਸਾਹਮਣੇ ਗੁਲਾਮਾਂ ਦੇ ਰੂਪ ਵਿਚ ਵੇਚ ਦਿੱਤਾ ਤਾਂ ਮਿਸਰ ਦੇ ਲੋਕਾਂ ਦੀ ਪ੍ਰਤਿਕਿਰਿਆ ਵਿਚ ਸੰਭਵ ਸੰਬੰਧ ਪ੍ਰਤੀਤ ਹੁੰਦਾ ਹੈ। ਯਕੀਨਨ, ਉਹ ਇਸ ਗੱਲ ਨੂੰ ਜਾਣਦੇ ਸਨ ਕਿ ਉਨ੍ਹਾਂ ਦਾ ਵਜ਼ੀਰ ਬਹੁਤ ਸਾਲਾਂ ਦੇ ਲਈ ਮਿਸਰ ਵਿਚ ਗੁਲਾਮ ਰਿਹਾ ਸੀ, ਤਾਂ ਵੀ ਉਹ ਉਸ ਗਿਆਨ ਦੇ ਕਾਰਣ ਆਜ਼ਾਦ ਕੀਤਾ ਗਿਆ ਸੀ ਜਿਸ ਦੇ ਦੁਆਰਾ ਉਸ ਨੇ ਫ਼ਿਰਊਨ ਦੇ ਸੁਫਨਿਆਂ ਦੀ ਵਿਆਖਿਆ ਕੀਤੀ ਸੀ। ਉਹ ਜਾਣਦੇ ਸਨ ਕਿ ਉਸ ਨੂੰ ਇਸੇ ਲਈ ਮਿਸਰ ਦੀ ਆਰਥਿਕ ਦਸ਼ਾ ਦੇ ਉੱਤੇ ਮੁਖ਼ਤਿਆਰੀ ਦਿੱਤੀ ਗਈ ਸੀ ਕਿਉਂਕਿ ਉਸ ਅੰਦਰ ਲੋਕਾਂ ਨੂੰ ਬਚਾਉਣ ਦਾ ਮਨ ਅਤੇ ਇੱਕ ਯੋਜਨਾ ਸੀ। ਉਸ ਨੇ ਭੋਜਨ ਅਨਾਜ ਇਕੱਠਾ ਕਰਨ ਲਈ ਸੱਤ ਸਾਲ ਕੰਮ ਕੀਤਾ ਸੀ ਤਾਂ ਕਿ ਉਨ੍ਹਾਂ ਨੂੰ ਭੁੱਖਮਰੀ ਤੋਂ ਬਚਾ ਸਕੇ।

ਜਦੋਂ ਸਮਾਂ ਬੀਤ ਗਿਆ ਅਤੇ ਲੋਕਾਂ ਨੇ ਭੋਜਨ ਦੇ ਬਦਲੇ ਆਪਣਾ ਪੈਸਾ, ਮਾਲ ਧਨ, ਜ਼ਮੀਨ ਅਤੇ ਆਪਣੀ ਆਜ਼ਾਦੀ ਵੀ ਫ਼ਿਰਊਨ ਨੂੰ ਦੇ ਦਿੱਤੀ, ਇੰਝ ਜਾਪਦਾ ਹੈ ਕਿ ਉਨ੍ਹਾਂ ਨੂੰ ਵਿਸ਼ਵਾਸ ਸੀ ਕਿ ਉਨ੍ਹਾਂ ਦਾ ਜੋ ਕੁਝ ਗੁਆਚ ਗਿਆ ਹੈ ਆਖਿਰਕਾਰ ਫ਼ਿਰਊਨ ਉਸ ਦੀ ਵਸੂਲੀ ਕਰਵਾ ਦੇਵੇਗਾ। ਜਲਦੀ ਹੀ ਉਨ੍ਹਾਂ ਦੀ ਆਸ ਦੀ ਪੁਸ਼ਟੀ ਕੀਤੀ ਗਈ; ਕਿਉਂਕਿ ਯੂਸੁਫ਼ ਨੇ ਮਿਸਰੀ ਲੋਕਾਂ ਨਿਰੰਤਰ ਉਨ੍ਹਾਂ ਦੀ ਭੂਮੀ ਵਿਚ ਰਹਿਣ ਦਿੱਤਾ, ਅਤੇ ਨਵੀਆਂ ਫ਼ਸਲਾਂ ਉਗਾਉਣ ਉਨ੍ਹਾਂ ਨੂੰ ਬੀਜ ਦਿੱਤਾ। ਸਭ ਤੋਂ ਵਧੀਆ ਕੰਮ ਜਿਸ ਨੇ ਲੋਕਾਂ ਨੂੰ ਬੇਹਤਰ ਭਵਿੱਖ ਦੀ ਆਸ ਦਿੱਤੀ ਸੀ ਉਹ ਯੂਸੁਫ਼ ਦੀ ਇਹ ਘੋਸ਼ਣਾ ਸੀ: ਵਾਢੀ ਦੇ ਸਮੇਂ, ਉਨ੍ਹਾਂ ਨੇ ਸਿਰਫ ਫਸਲ ਦਾ 20 ਪ੍ਰਤੀਸ਼ਤ ਹੀ ਫ਼ਿਰਊਨ ਨੂੰ ਦੇਣਾ ਸੀ, ਅਤੇ ਉਹ ਆਪਣੇ ਆਪ ਦੇ ਲਈ 80 ਪ੍ਰਤੀਸ਼ਤ ਰੱਖ ਸਕਣ ਦੇ ਯੋਗ ਸਨ। ਪ੍ਰਾਚੀਨ ਯੁੱਗ ਵਿਚ ਇਹ ਰਕਮ ਭਾੜੇ ਦੇ ਮਜ਼ਦੂਰਾਂ ਦੇ ਲਈ ਉਦਾਰ ਹੋ ਸਕਦੀ ਹੈ, ਅਤੇ ਇਹ ਕਦੀ ਨਹੀਂ ਸੁਣਿਆ ਗਿਆ ਸੀ ਕਿ ਦਾਸਾਂ ਨੂੰ ਅਜਿਹਾ ਮੌਕਾ ਪ੍ਰਦਾਨ ਕੀਤਾ ਜਾਂਦਾ ਸੀ। ਔਸਤਨ, ਭਾੜੇ ਦੇ ਕਿਸਾਨਾਂ ਨੂੰ ਜ਼ਮੀਨ ਦੇ ਮਾਲਕਾਂ ਨੂੰ ਉਨ੍ਹਾਂ ਦੀ ਫ਼ਸਲ ਦਾ ਇੱਕ ਤਿਹਾਈ ਹਿੱਸਾ ਦੇਣਾ ਪੈਂਦਾ ਸੀ[19]; ਇਸ ਲਈ ਉਹ ਦੋ ਤਿਹਾਈ ਰੱਖ ਸਕਦੇ ਸਨ। ਗੁਲਾਮਾਂ ਨੂੰ ਜੀਉਂਦੇ ਰਹਿਣ ਅਤੇ ਉਪਯੋਗੀ ਰੱਖਣ ਦੇ ਲਈ ਬਹੁਤ ਹੀ ਥੋੜਾ ਦਿੱਤਾ ਜਾਂਦਾ ਸੀ। ਜੇਕਰ ਮਿਸਰ ਵਿਚਲੇ ਸਾਰੇ ਗੁਲਾਮਾਂ ਨੂੰ ਆਪਣੀਆਂ ਫਸਲਾਂ ਦਾ 80 ਪ੍ਰਤੀਸ਼ਤ ਰੱਖ ਲੈਣ ਦੀ ਇਜਾਜ਼ਤ ਸੀ, ਤਾਂ ਉਨ੍ਹਾਂ ਦੇ ਕੋਲ ਆਖਿਰਕਾਰ ਕਾਫੀ ਪੈਸਾ ਹੋਵੇਗਾ ਕਿ ਉਹ ਆਪਣੀ ਆਜ਼ਾਦੀ, ਜ਼ਮੀਨਾਂ, ਅਤੇ ਮਾਲ-ਧਨ ਫ਼ਿਰਊਨ ਦੇ ਕੋਲੋਂ ਵਾਪਸ ਲੈ ਸਕਣ।

ਇਹ ਦੱਸਦਾ ਹੈ ਕਿ ਗੁਲਾਮੀ ਦੇ ਬਾਵਜੂਦ ਯੂਸੁਫ਼ ਦੀ ਸ਼ਲਾਘਾ ਕਰ ਸਕਦੇ ਸਨ ਅਤੇ ਕਹਿ ਸਕਦੇ ਸਨ, "ਤੁਸਾਂ ਸਾਡੀਆਂ ਜਾਨਾਂ ਬਚਾਈਆਂ ਸਨ!" (47:25)। ਇਸ ਤੋਂ ਇਲਾਵਾ, ਯੂਸੁਫ਼ ਨੇ ਮਿਸਰ ਵਿਚ ਇੱਕ ਨਵਾਂ ਕਾਨੂੰਨ ਬਣਾ ਦਿੱਤਾ ਸੀ ਕਿ ਫ਼ਿਰਊਨ ਆਪਣੇ ਲੋਕਾਂ ਦੀਆਂ ਫਸਲਾਂ ਦਾ ਸਿਰਫ (20 ਪ੍ਰਤੀਸ਼ਤ) ਹੀ ਲੈ ਸਕਦਾ ਸੀ; ਅਤੇ ਉਤਪਤ ਦੇ ਲੇਖਕ ਨੇ ਕਿਹਾ ਕਿ ਇਹ ਨਿਯਮ ਮਿਸਰ ਵਿਚ ਉਸ ਸਮੇਂ ਤੱਕ ਜਾਰੀ ਰਿਹਾ ਜਦੋਂ ਉਸ ਨੇ ਇਸ ਕਿਤਾਬ ਨੂੰ ਲਿਖਿਆ ਸੀ (47:26)।

ਹਾਲਾਂਕਿ ਮਿਸਰੀ ਤਕਨੀਕਿ ਤੌਰ ਤੇ ਗੁਲਾਮ ਸਨ, ਉਨ੍ਹਾਂ ਨੂੰ ਪੁਰਾਤਨ ਸੰਸਾਰ ਵਿਚ ਭਾੜੇ ਦੇ ਕਿਸਾਨਾਂ ਨਾਲੋਂ ਬੇਹਤਰ ਸਮਝਿਆ ਜਾਂਦਾ ਸੀ। ਯੂਸੁਫ਼ ਦੇ ਕੰਮਾਂ ਨੇ ਉਨ੍ਹਾਂ ਦੇ ਸਨਮਾਨ ਨੂੰ ਸਾਂਭ

ਕੇ ਰੱਖਿਆ ਅਤੇ ਉਨ੍ਹਾਂ ਨੂੰ ਆਸ ਦਿੱਤੀ ਕਿ, ਭਵਿੱਖ ਵਿਚ, ਉਹ ਅਤੇ ਉਨ੍ਹਾਂ ਦਾ ਪਰਿਵਾਰ ਆਪਣੇ ਮਾਲ-ਡੰਗਰ ਅਤੇ ਜ਼ਮੀਨਾਂ ਸਮੇਤ ਆਜ਼ਾਦ ਹੋ ਸਕਦੇ ਹਨ। ਮੂਲ ਰੂਪ ਵਿਚ ਯੂਸੁਫ਼ ਮੂਲ ਰੂਪ ਵਿਚ ਪਾਖੰਡੀ ਤਰੀਕੇ ਦੇ ਨਾਲ ਮਿਸਰ ਦੇ ਲੋਕਾਂ ਨੂੰ ਗੁਲਾਮ ਬਣਾਉਣ ਦੇ ਦੁਆਰਾ ਸੰਸਾਰੀ ਬੁੱਧ ਨੂੰ ਨਹੀਂ ਵਰਤ ਰਿਹਾ ਸੀ, ਜਿਵੇਂ ਕੁਝ ਲੋਕ ਸੁਝਾਅ ਦਿੰਦਾ ਹਨ; ਪਰ ਅਸਲ ਵਿਚ, ਵੱਡੇ ਰਾਸ਼ਟਰੀ ਸੰਕਟ ਦੇ ਸਮੇਂ ਉਹ ਲੋਕਾਂ ਉੱਤੇ ਦਯਾ ਅਤੇ ਹਮਦਰਦੀ ਪਰਗਟ ਉਹ ਉਸ ਬੁੱਧ ਦੇ ਅਨੁਸਾਰ ਚੱਲ ਰਿਹਾ ਸੀ ਜੋ ਉੱਪਰੋਂ ਆਉਂਦੀ ਹੈ। ਉਹ ਸੱਚਮੁੱਚ ਅਜਿਹਾ ਸ਼ਾਸਕ ਸੀ ਜਿਸ ਨੂੰ ਪ੍ਰਭੂ "ਧਰਮ ਦੇ ਹੁਕਮ" ਚਲਾਉਣ ਲਈ ਇਸਤੇਮਾਲ ਕਰਦਾ ਸੀ (ਕਹਾਉਤਾਂ 8:15)।

---

## ਟਿੱਪਣੀਆਂ

[1]"ਫ਼ਲਿਸਤੀਨ ਦੇ ਤਰਗੁਮ" ਨੇ ਉਨ੍ਹਾਂ ਦੇ ਨਾਮ ਇਸ ਪ੍ਰਕਾਰ ਦਿੱਤੇ "ਜਬੂਲੂਨ, ਦਾਨ, ਨਫਤਾਲੀ, ਗਾਦ, ਅਤੇ ਆਸ਼ੇਰ" (*ਦ ਤਾਰਗੁਮਸ ਆਫ਼ ਓਨਕੇਲੋਸ ਐਂਡ ਜੋਨਾਥਨ ਬੇਨ ਊਜ਼ੀਏਲ ਔਨ ਦ ਪੈਂਟਾਂਟਿਊਕ,* ਅਨੁਵਾਦ ਜੇ. ਡਬਲਿਯੂ. ਐਥਰਿਜ [ਨਿਊ ਯਾਰਕ: KTAV ਪਬਲਿਸ਼ਿੰਗ ਹਾਊਸ, 1968], 323)। [2]ਸ਼ਬਦ ਜਿਨ੍ਹਾਂ ਦਾ ਅਨੁਵਾਦ "ਟਿਕਣ ਲਈ" (גּוּר, *ਗੁਰ)* ਅਤੇ "ਪਰਦੇਸੀ/ਅਜਨਬੀ" (גֵּר, *ਗੇਰ)* ਅਕਸਰ ਉਤਪਤ ਦੀ ਪੁਸਤਕ ਵਿਚ ਪੁਰਖਿਆਂ ਦੀ ਜੀਵਨ ਸ਼ੈਲੀ ਦੇ ਸੰਬੰਧ ਵਿਚ ਵਰਤੇ ਗਏ ਹਨ, ਜਿਸ ਦੇ ਲਈ ਇਸ ਧਰਤੀ ਉੱਤੇ ਕੋਈ ਸਥਾਈ ਨਿਵਾਸ-ਸਥਾਨ ਨਹੀਂ ਸੀ; ਉਹ ਅਜਨਬੀ ਨਿਵਾਸੀ ਸਨ (12:10; 19:9; 20:1; 21:23, 34; 23:4; 26:3; 32:4; 35:27; 47:4, 9)। ਇੱਥੋਂ ਤੱਕ ਕਿ ਵਾਇਦਾ ਕੀਤੇ ਦੇਸ ਵਿਚ ਵੀ, ਲੇਵੀਆਂ 25:23 ਵਿਚ ਇਸਰਾਏਲੀਆਂ ਦੇ ਲਈ ਬਹੁਵਚਨ *ਗੇਰ* ਦਾ ਇਸਤੇਮਾਲ ਕੀਤਾ ਗਿਆ ਹੈ, ਜਿਵੇਂ "ਵਿਦੇਸੀ ਅਤੇ ਅਜਨਬੀ" (NASB) ਜਾਂ "ਪਰਦੇਸੀ ਅਤੇ ... ਕਿਰਾਏਦਾਰ" (NIV)। (ਵੇਖੋ ਇਬਰਾਨੀਆਂ 11:9, 10.) [3]ਕੇਨੇਥ ਏ. ਮੈਥਿਊਜ਼, *ਜੇਨੇਸਿਸ 11:27-50:26,* ਦ ਨਿਊ ਅਮੇਰੀਕਨ ਕਮੈਂਟਰੀ, ਜਿਲਦ 1B (ਨੈਸ਼ਵਿਲ: ਬਰੋਡਮੈਨ ਐਂਡ ਹੌਲਮੈਨ ਪਬਲਿਸ਼ਰਜ਼, 2005), 845. [4]ਨਹੂਮ ਐਮ. ਸਰਨਾ, *ਜੇਨੇਸਿਸ*, ਦ JPS ਤੋਰਾਹ ਕਮੈਂਟਰੀ (ਫ਼ਿਲਾਡੇਲਫ਼ਿਯਾ: ਜੂਈਸ਼ ਪਬਲਿਕੇਸ਼ਨ ਸੋਸਾਇਟੀ, 1989), 319. [5]ਯਾਕੂਬ ਦੇ ਦੁਆਰਾ ਦਿੱਤੀਆਂ ਗਈਆਂ ਬਹੁਤ ਸਾਰੀਆਂ ਬਰਕਤਾਂ ਉਤਪਤ ਦੇ ਆਖਰੀ ਅਧਿਆਇਆਂ ਵਿਚ ਪਾਈਆਂ ਗਈਆਂ ਹਨ। ਪੁਰਖੇ ਨੇ ਫ਼ਿਰਊਨ (47:7, 10), ਯੂਸੁਫ਼ (48:15; 49:26), ਮਨੱਸ਼ਹ ਅਤੇ ਇਫ਼ਰਾਈਮ (48:9, 16, 20), ਅਤੇ ਆਪਣੇ ਬਾਰ੍ਹਾਂ ਪੁੱਤਰਾਂ (49:28) ਨੂੰ ਬਰਕਤ ਦਿੱਤੀ। [6]ਵਿਕਟਰ ਪੀ. ਹਮਿਲਟਨ, *ਦ ਬੁੱਕ ਆਫ਼ ਜੇਨੇਸਿਸ: ਚੈਪਟਰਸ 18-50,* ਦ ਨਿਊ ਇੰਟਰਨੈਸ਼ਨਲ ਕਮੈਂਟਰੀ ਔਨ ਦ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1995), 611. [7]ਯਾਕੂਬ 147 ਸਾਲ ਜ਼ਿੰਦਾ ਰਿਹਾ (47:28)। [8]ਜੌਨ ਏ. ਵਿਲਸਨ, ਅਨੁਵਾਦ, "ਦ ਇੰਸਟ੍ਰਕਸ਼ਨ ਆਫ਼ ਦ ਵੀਜ਼ੀਰ ਪਤਾਹ-ਹੋਟੇਪ," *ਏਨਸ਼ੈਂਟ ਨੀਅਰ ਈਸਟਰਨ ਟੈਕਸਟਸ ਰਿਲੇਟਿੰਗ ਟੂ ਦੀ ਓਲਡ ਟੈਸਟਾਮੈਂਟ,* ਤੀਸਰਾ ਸੋਧ, ਸੰਪਾ. ਜੇਮਸ ਬੀ. ਪਰਿਚਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈੱਸ, 1969), 414 (ਸੰਖਿਆ 640)। [9]ਹਰਬਰਟ ਵੋਲਫ, *TWOT* 1:32-33 ਵਿਚ "אֲחֻזָּה"। [10]ਨਾਮ "ਰਾਮਸੇਸ" ਇਸਰਾਏਲੀਆਂ ਦੁਆਰਾ ਬਣਾਏ ਗਏ ਸ਼ਹਿਰਾਂ ਵਿਚੋਂ ਇੱਕ ਤੇ ਲਾਗੂ ਹੁੰਦਾ ਹੈ, ਬਾਅਦ ਵਿਚੋਂ ਜਿੱਥੋਂ ਉਨ੍ਹਾਂ ਨੇ ਕੂਚ ਕੀਤਾ (ਕੂਚ 1:11; 12:37; ਗਿਣਤੀ 33:3, 5)।

[11]ਘੋੜਿਆਂ ਦੇ ਲਈ ਇਹ ਪਹਿਲਾ ਬਾਈਬਲ ਦਾ ਉਲੇਖ ਹੈ। ਅਕਸਰ ਇਹ ਕਿਹਾ ਜਾਂਦਾ ਹੈ ਕਿ, ਮੌਜੂਦਾ ਪੁਰਾਰਤੱਵ ਸਬੂਤ ਦੇ ਅਨੁਸਾਰ, ਹਿਕਸੋਸ ਮਿਸਰ ਵਿਚ ਘੋੜਿਆਂ ਅਤੇ ਯੁੱਧ ਦੇ ਰਥਾਂ ਨੂੰ ਪੇਸ਼ ਕਰਨ ਵਾਲੇ ਪਹਿਲੇ ਵਿਅਕਤੀ ਸਨ ਜਦੋਂ ਉਨ੍ਹਾਂ ਨੇ ਮਿਸਰੀ ਫ਼ੌਜਾਂ ਨੂੰ ਹਰਾਇਆ ਸੀ (1720-1580 ਈ.ਪੂ.)। (ਵੇਖੋ ਜੌਨ ਵਿਲੀਸ, *ਜੇਨੇਸਿਸ,* ਦ ਲਿਵਿੰਗ ਵਰਡ ਕਮੈਂਟਰੀ [ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979], 437.) [12]ਉਸੇ ਸਥਾਨ ਤੇ। [13]ਇਸ ਦੇ ਉਲਟ, ਬਾਅਦ ਵਿਚ ਇਸਰਾਏਲੀਆਂ ਦੇ ਦਸਵੰਧਾਂ ਦੇ ਨਾਲ ਲੇਵੀਆਂ ਅਤੇ ਜਾਜਕਾਂ ਦੀ ਸਹਾਇਤਾ ਕੀਤੀ ਜਾਂਦੀ ਸੀ (ਗਿਣਤੀ 18:21-32; ਬਿਵਸਥਾ ਸਾਰ 18:1-8)। ਜ਼ਮੀਨ ਦੇ ਵਿਸ਼ਾਲ ਖੇਤਰਾਂ ਦੇ ਮਾਲਕ ਹੋਣ ਦੀ ਬਜਾਇ, ਉਨ੍ਹਾਂ ਨੂੰ ਲੇਵੀਆਂ ਦੇ ਸ਼ਹਿਰ ਦਿੱਤੇ ਜਾਂਦੇ ਸਨ ਜਿਨ੍ਹਾਂ ਦੇ ਆਲੇ-ਦੁਆਲੇ ਚਰਾਗਾਹਾਂ ਹੁੰਦੀਆਂ ਸਨ (ਗਿਣਤੀ 35:1-8; ਯਹੋਸ਼ੁਆ 21:1-42)। [14]MT ਕਹਿੰਦਾ ਹੈ "ਉਸ ਨੇ ਉਨ੍ਹਾਂ ਨੂੰ ਸ਼ਹਿਰਾਂ ਵਿਚੋਂ ਕੱਢ ਦਿੱਤਾ" (הֶעֱבִיר אֹתוֹ לֶעָרִים, *ਹੇਬਿਰ ਓਥੋਲਾਰਿਮ)*, ਸਾਮਰੀ ਪੈਂਟਾਟਿਊਕ ਕਹਿੰਦਾ ਹੈ ਕਿ "ਉਸ ਨੇ ਲੋਕਾਂ ਦੀ ਗੁਲਾਮੀ ਨੂੰ ਘਟਾ ਦਿੱਤਾ" (הֶעֱבִיד אֹתוֹ לַעֲבָדִים, *ਹੇਬਿਦ ਓਥੋਲਾਬਾਦਿਮ)*। [15]ਵਾਲਟਰ ਬਰੂਗਗੇਮਨ, *ਜੇਨੇਸਿਸ*, ਅਨੁਵਾਦ (ਅਟਲਾਂਟਾ: ਜੌਨ ਕਨੋਕਸ ਪ੍ਰੈੱਸ, 1982), 356-57. [16]ਉਹੀ ਇਬਰਾਨੀ ਸ਼ਬਦ, עֶבֶד (*ਏਬੇਡ)*, ਜਿਸ ਦਾ ਅਰਥ ਇੱਕ ਨੌਕਰ ਜਾਂ ਇੱਕ ਗੁਲਾਮ

ਹੈ। [17]ਗੋਰਡਨ ਜੇ. ਵੈਨਹੇਮ, *ਜੇਨੇਸਿਸ 16-50*, ਵਰਡ ਬਿਬਲੀਕਲ ਕਮੈਂਟਰੀ, ਜਿਲਦ 2 (ਡੱਲਾਸ: ਵਰਡ ਬੁੱਕਸ, 1994), 449. [18]ਹਮਿਲਟਨ, 625. [19]ਬਰੂਸ ਕੇ. ਵਾਟਕੇ, *ਜੇਨੇਸਿਸ: ਏ ਕਮੈਂਟਰੀ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਰਜ਼, 2001), 591.